21-FEB-PAGE-1.qxd punjab gov add.qxd 2/20/2024 9:32 PM Page 1

ਬੁੱਧਵਾਰ, 21 ਫਰਵਰੀ, 2024
9 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 262

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 21 FEBRUARY, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


GOVT. OF PUNJAB

ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਦੇ ਮੌਕੇ ਤੇ
ਮੈਂ ਕੁੱਲ ਜਹਾਨ ਵਿਚ ਵਸਦੇ ਪੰਜਾਬੀਆਂ ਨੂੰ
ਮੁਬਾਰਕਬਾਦ ਦਿੰਦਾ ਹਾਂ।

ਮਾਂ-ਬੋਲੀ ਪੰਜਾਬੀ
ਸਮੂਹ ਪੰਜਾਬੀਆਂ ਨੂੰ
ਭਾਵੁਕ ਏਕਤਾ ਦੀ ਸੂਖ਼ਮ ਡੋਰ ਵਿਚ ਪਰੋਂਦੀ ਹੈ।

ਇਹ ਸਤਿਗੁਰਾਂ, ਸੂਫ਼ੀਆਂ ਤੇ ਕਿੱਸਾਕਾਰਾਂ ਦੀ ਬੋਲੀ ਹੈ।

ਇਸ ਦਾ ਸ਼ੁਮਾਰ ਦੁਨੀਆਂ ਦੀਆਂ ਦਸ ਵੱਡੀਆਂ ਬੋਲੀਆਂ ਵਿਚ ਹੁੰਦਾ ਹੈ।

ਮਸ਼ੀਨੀ ਬੁੱਧੀਮਾਨਤਾ ਨਾਲ
ਮਾਨਵਤਾ ਦੇ ਇਤਿਹਾਸ ਵਿਚ
ਇਕ ਅਦਭੁਤ ਸੰਸਾਰ ਦਾ ਦਰ ਖੁੱਲ੍ਹ ਰਿਹਾ ਹੈ।
ਜੋ ਬਹੁਤ ਸਾਰੀਆਂ ਸੰਭਾਵਨਾਵਾਂ ਦੇ ਨਾਲ਼ ਨਾਲ਼
ਬਹੁਤ ਵੰਗਾਰਾਂ ਅਤੇ ਮਸਲੇ ਵੀ ਲੈ ਕੇ ਆ ਰਿਹਾ ਹੈ।

ਪੰਜਾਬੀ ਭਾਸ਼ਾ ਨੂੰ ਮਸ਼ੀਨੀ ਬੁੱਧੀਮਾਨਤਾ ਨਾਲ ਜੋੜਨ ਲਈ
ਸਾਨੂੰ ਸਾਰੀਆਂ ਸੰਸਥਾਵਾਂ ਅਤੇ ਸਾਰੇ ਪੰਜਾਬੀ ਪਿਆਰਿਆਂ ਨੂੰ
ਰਲ ਕੇ ਮਿਹਨਤ ਕਰਨੀ ਪਵੇਗੀ।

ਅੱਜ ਤੋਂ ਅਸੀਂ ਇਹ ਮਿਸ਼ਨ ਸ਼ੁਰੂ ਕਰਦੇ ਹਾਂ

ਮੇਰਾ ਦ੍ਰਿੜ ਸੰਕਲਪ ਅਤੇ ਰੀਝ ਹੈ ਕਿ
ਇਸ ਸਾਲ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਪੁਰਬ ਤੱਕ ਇਸ ਮਿਸ਼ਨ ਨੂੰ ਮੁਕੰਮਲ ਕਰ ਕੇ
ਮਸ਼ੀਨੀ ਬੁਧੀਮਾਨਤਾ ਨਾਲ ਪੰਜਾਬੀ ਵਿਚ
ਸੰਵਾਦ ਰਚਾਉਣ ਦੇ ਕਾਬਲ ਹੋਈਏ।

ਉਹ ਲਿਪੀ ਤੇ ਉਹ ਭਾਸ਼ਾ ਜਿਸ ਬਾਬਾ ਨਾਨਕ ਨੇ
ਬ੍ਰਹਿਮੰਡੀ ਗਾਨ ਸਿਰਜਿਆ
ਉਸ ਨੂੰ ਤਕਨੀਕੀ ਤੌਰ ਤੇ ਸਮ੍ਰਿੱਧ ਕਰ ਕੇ
ਉਸ ਦੀ ਸ਼ਾਨ ਸੰਸਾਰ ਵਿਚ ਰੌਸ਼ਨ ਕਰੀਏ।

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ






ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਬੁੱਧਵਾਰ, 21 ਫਰਵਰੀ, 2024
9 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 262

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 21 FEBRUARY, 2024
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in


# 'ਇੰਡੀਆ' ਦੀ ਭਾਜਪਾ 'ਤੇ ਪਹਿਲੀ ਵੱਡੀ ਫਤਿਹ

## ਸੁਪਰੀਮ ਕੋਰਟ ਨੇ ਪ੍ਰੀਜ਼ਾਈਡਿੰਗ ਅਫਸਰ ਦੀ ਸ਼ੈਤਾਨੀ ਫੜ ਕੇ ਆਪ-ਕਾਂਗਰਸ ਦੇ ਸਾਂਝੇ ਉਮੀਦਵਾਰ ਨੂੰ ਚੰਡੀਗੜ੍ਹ ਦਾ ਮੇਅਰ ਐਲਾਨਿਆ



ਮੇਅਰ ਐਲਾਨੇ ਜਾਣ ਤੋਂ ਬਾਅਦ ਕੁਲਦੀਪ ਕੁਮਾਰ (ਚੈੱਕ ਸ਼ਰਟ) ਸਾਥੀਆਂ ਨਾਲ ਖੁਸ਼ੀ ਮਨਾਉਂਦੇ ਹੋਏ।

**ਨਵੀਂ ਦਿੱਲੀ** : ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਹਿਲੀ ਵੱਡੀ ਫਤਿਹ ਹਾਸਲ ਕੀਤੀ, ਜਦੋਂ ਸੁਪਰੀਮ ਕੋਰਟ ਨੇ ਮੰਗਲਵਾਰ 30 ਜਨਵਰੀ ਦਾ ਭਾਜਪਾ ਉਮੀਦਵਾਰ ਨੂੰ ਜਿਤਾਉਣ ਵਾਲਾ ਨਤੀਜਾ ਵਗਾਹ ਕੇ ਪਰ੍ਹੇ ਮਾਰਦਿਆਂ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਚੰਡੀਗੜ੍ਹ ਦਾ ਨਵਾਂ ਮੇਅਰ ਐਲਾਨਿਆ।

ਕੋਰਟ ਨੇ ਪ੍ਰੀਜ਼ਾਈਡਿੰਗ ਅਫਸਰ ਅਨਿਲ ਮਸੀਹ ਵੱਲੋਂ ਨਾਜਾਇਜ਼ ਕਰਾਰ ਦਿੱਤੀਆਂ 8 ਵੋਟਾਂ ਜਾਇਜ਼ ਤੇ ਕੁਲਦੀਪ ਕੁਮਾਰ ਦੇ ਹੱਕ ਵਿਚ ਪਈਆਂ ਕਰਾਰ ਦਿੱਤੀਆਂ। ਇਸ ਤਰ੍ਹਾਂ ਕੁਲਦੀਪ ਕੁਮਾਰ ਦੀਆਂ ਵੋਟਾਂ 20 ਹੋ ਗਈਆਂ। ਇਸ ਤੋਂ ਪਹਿਲਾਂ ਮਸੀਹ ਨੇ ਭਾਜਪਾ ਦੇ ਮਨੋਜ ਸੋਨਕਰ ਨੂੰ 16-12 ਨਾਲ ਜੇਤੂ ਐਲਾਨਿਆ ਸੀ, ਜਿਸ ਨੂੰ ਆਪੋਜ਼ੀਸ਼ਨ ਨੇ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਸੀ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ, ਜਿਸ ਵਿਚ ਜਸਟਿਸ ਜੇ ਬੀ ਪਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਸਨ, ਨੇ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਹਦਾਇਤ ਕੀਤੀ ਕਿ ਉਹ ਕੋਰਟ ਅੱਗੇ ਝੂਠਾ ਬਿਆਨ ਦੇਣ 'ਤੇ ਅਨਿਲ ਮਸੀਹ ਖਿਲਾਫ ਝੂਠੀ ਸਹੁੰ ਖਾਣ ਦਾ ਮਾਮਲਾ ਚਲਾਉਣ। ਜ਼ਾਬਤਾ ਫੌਜਦਾਰੀ ਦੀ ਦਫਾ 340 ਤਹਿਤ ਇਹ ਮਾਮਲਾ ਇਸ ਕਰਕੇ ਚੱਲੇਗਾ, ਕਿਉਂਕਿ ਉਸ ਨੇ ਕੋਰਟ ਨੂੰ ਦੱਸਿਆ ਸੀ ਕਿ ਉਸ ਨੇ 8 ਬੈਲਟ ਪੇਪਰਾਂ 'ਤੇ ਕਾਟੇ ਇਸ ਕਰਕੇ ਮਾਰੇ ਸਨ, ਕਿਉਂਕਿ ਉਨ੍ਹਾਂ ਦੀ ਸ਼ਕਲ ਵਿਗੜੀ ਹੋਈ ਸੀ। ਕੋਰਟ ਨੇ ਪਾਇਆ ਕਿ ਬੈਲਟ ਪੇਪਰਾਂ ਦੀ ਨਤੀਜਾ ਐਲਾਨੇ ਜਾਣ ਤੱਕ ਸ਼ਕਲ ਨਹੀਂ ਵਿਗਾੜੀ ਗਈ ਸੀ। ਸੁਣਵਾਈ ਦੌਰਾਨ ਚੀਫ ਜਸਟਿਸ ਨੇ ਮਸੀਹ 'ਤੇ ਵਰ੍ਹਦਿਆਂ ਕਿਹਾ ਕਿ ਕਿਸ ਨੇ ਕਿਹਾ ਸੀ ਕਿ ਉਹ ਕਾਟਾ ਮਾਰ ਦੇਵੇ, ਕਿਉਂਕਿ ਬੈਲਟ ਪੇਪਰਾਂ ਦੀ ਸ਼ਕਲ ਵਿਗੜੀ ਹੋਈ ਹੈ। (ਯਾਦ ਰਹੇ ਅਨਿਲ ਮਸੀਹ ਭਾਜਪਾ ਦਾ ਮੈਂਬਰ ਹੈ)



## ਭਾਜਪਾਈਆਂ ਵੱਲੋਂ ਖਾਲਿਸਤਾਨੀ ਕਹਿਣ 'ਤੇ ਪੁਲਸ ਅਫਸਰ ਨੂੰ ਆਇਆ ਗੁੱਸਾ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਆਪਣੇ 'ਐੱਕਸ' ਹੈਂਡਲ 'ਤੇ ਇਕ ਵੀਡੀਓ ਸ਼ੇਅਰ ਕੀਤੀ, ਜਿਸ ਵਿਚ ਇਕ ਪੁਲਸ ਅਫਸਰ ਭਾਜਪਾ ਦੇ ਕਾਡਰ ਵੱਲੋਂ ਉਸ ਨੂੰ ਖਾਲਿਸਤਾਨੀ ਕਹਿਣ ਦਾ ਦੋਸ਼ ਲਾਉਂਦਾ ਸੁਣਿਆ ਜਾ ਰਿਹਾ ਹੈ। ਆਈ ਪੀ ਐੱਸ ਅਫਸਰ ਜਸਪ੍ਰੀਤ ਸਿੰਘ, ਜਿਨ੍ਹਾ ਨੂੰ ਪੱਛਮੀ ਬੰਗਾਲ ਦੇ ਆਪੋਜ਼ੀਸ਼ਨ ਆਗੂ ਸੁਵੇਂਦੂ ਅਧਿਕਾਰੀ ਨੂੰ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਸੰਵੇਦਨਸ਼ੀਲ ਸੰਦੇਸ਼ਖਾਲੀ ਜਾਣ ਤੋਂ ਰੋਕਣ ਦੀ ਡਿਊਟੀ ਲੱਗੀ ਸੀ, ਭੜਕ ਗਏ, ਜਦੋਂ ਭਾਜਪਾ ਕਾਰਕੁਨਾਂ ਦੇ ਇੱਕ ਗਰੁੱਪ ਨੇ ਉਨ੍ਹਾ ਨੂੰ ਖਾਲਿਸਤਾਨੀ ਕਿਹਾ। ਉਨ੍ਹਾ ਕਿਹਾ—ਮੈਂ ਇਸ ਬਾਰੇ ਐਕਸ਼ਨ ਲਵਾਂਗਾ। ਮੇਰੇ ਪੱਗ ਬੰਨ੍ਹੀ ਹੋਣ 'ਤੇ ਤੁਸੀਂ ਮੈਨੂੰ ਇਹ

● ਬਾਕੀ ਸਫ਼ਾ 13 'ਤੇ

## ਮੋਦੀ ਕਰਜ਼ਾ ਮੁਆਫੀ ਦਾ ਐਲਾਨ ਕਰਨ : ਪੰਧੇਰ

**ਚੰਡੀਗੜ੍ਹ** : ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਮੰਗਲਵਾਰ ਸ਼ੰਭੂ ਬਾਰਡਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰ ਸਰਕਾਰ ਤੋਂ ਫਸਲਾਂ ਦੀ ਐੱਮ ਐੱਸ ਪੀ 'ਤੇ ਕਾਨੂੰਨੀ ਗਰੰਟੀ ਅਤੇ ਕਿਸਾਨ ਕਰਜ਼ਾ ਮੁਆਫੀ ਸਮੇਤ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਅਜਿਹਾ ਨਾ ਹੋਣ 'ਤੇ ਉਹ 21 ਫਰਵਰੀ ਨੂੰ ਦਿੱਲੀ ਵੱਲ ਕੂਚ ਕਰਨਗੇ। ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਕਿ ਉਹ ਇਹ ਐਲਾਨ ਕਰਨ ਕਿ ਕਿਸਾਨਾਂ ਦੇ ਸਾਢੇ 18 ਲੱਖ ਕਰੋੜ ਦੇ ਕਰਜ਼ੇ ਮੁਆਫ ਕੀਤੇ ਜਾਣਗੇ, ਜਦੋਂ ਕਿ ਇਸ ਲਈ ਇੱਕ ਵਿਧੀ ਬਾਅਦ 'ਚ ਤਿਆਰ ਕੀਤੀ ਜਾ ਸਕਦੀ ਹੈ।

# ਮਨਰੇਗਾ ਕਾਮਿਆਂ ਦਾ ਬਕਾਇਆ ਜਾਰੀ ਨਾ ਕਰਨਾ ਕੇਂਦਰ ਸਰਕਾਰ ਦੀ ਬਦਨੀਤੀ : ਅਰਸ਼ੀ

## ਹਜ਼ਾਰਾਂ ਕਿਰਤੀਆਂ ਵੱਲੋਂ ਲਲਕਾਰ ਰੈਲੀ ਕਰਕੇ ਹੱਕਾਂ ਦੀ ਅਵਾਜ਼ ਬੁਲੰਦ



**ਮਾਨਸਾ (ਆਤਮਾ ਸਿੰਘ ਪਮਾਰ)**

ਲੰਬੇ ਸੰਘਰਸ਼ ਅਤੇ ਯਤਨਾਂ ਸਦਕਾ ਕਿਰਤੀਆਂ ਦੇ ਹੱਕ ਵਿੱਚ ਬਣੇ ਮਨਰੇਗਾ ਬੱਜਟ ਵਿੱਚ ਕੀਤੀ ਗਈ ਕਟੌਤੀ ਕਰਕੇ ਮਨਰੇਗਾ ਕਾਮਿਆਂ ਦਾ ਬਕਾਇਆ ਜਾਰੀ ਨਹੀਂ ਹੋ ਸਕਿਆ, ਜੋ ਕਿ ਮੋਦੀ ਸਰਕਾਰ ਦੀ ਮਜ਼ਦੂਰਾਂ ਪ੍ਰਤੀ ਬਦਨੀਤੀ ਨੂੰ ਜੱਗ ਜ਼ਾਹਰ ਕਰਦਾ ਹੈ। ਬੇਰੁਜ਼ਗਾਰੀ ਤੇ ਗਰੀਬੀ ਦੇ ਸਤਾਏ ਹੋਏ ਲੋਕਾਂ ਕੋਲ ਕੇਵਲ ਮਨਰੇਗਾ ਕਾਨੂੰਨ ਹੀ ਇੱਕੋ-ਇੱਕ ਰੋਜ਼ੀ-ਰੋਟੀ ਦਾ ਸਾਧਨ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਮਾਨਸਾ ਵਿਖੇ ਕਿਰਤੀਆਂ ਦੀ ਇੱਕ ਵਿਸ਼ਾਲ ਲਲਕਾਰ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਮਨਰੇਗਾ ਕਾਨੂੰਨ ਨੂੰ ਇੰਨਬਿੰਨ ਅਤੇ ਇਸ ਦੀ ਸਹੀ ਭਾਵਨਾ ਅਨੁਸਾਰ ਲਾਗੂ ਕਰਨ ਅਤੇ ਮਜ਼ਦੂਰਾਂ ਦੀ ਬਕਾਇਆ ਰਾਸ਼ੀ ਜਾਰੀ ਕਰਨ ਅਤੇ ਔਰਤਾਂ ਸਮੇਤ ਮਜ਼ਦੂਰਾਂ ਦੇ ਸਮੁੱਚੇ ਕਰਜ਼ ਮੁਆਫ਼ੀ ਦੀ ਮੰਗ ਕੇਂਦਰ ਸਰਕਾਰ ਤੋਂ ਕੀਤੀ।ਅਰਸ਼ੀ ਨੇ ਮੋਦੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ ਤੇ ਭੁੱਖਮਰੀ ਅਮਰਵੇਲ ਵਾਂਗ ਵਧ ਰਹੀ ਹੈ ਪਰੰਤੂ ਮੋਦੀ ਸਰਕਾਰ ਆਮ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਰਾਮ ਰਾਜ ਸਥਾਪਤ ਕਰਨ ਦੇ ਝੂਠੇ ਵਾਅਦੇ ਕਰਕੇ ਉਲਟਾ ਦਲਿਤਾਂ, ਮਜ਼ਦੂਰਾਂ 'ਤੇ ਅੱਤਿਆਚਾਰ ਕਰਕੇ ਮਨੂੰ ਸਮ੍ਰਿਤੀ ਲਾਗੂ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ, ਜੋ ਕਿਸੇ ਤਰ੍ਹਾਂ ਵੀ ਸਹਿਣਯੋਗ ਨਹੀਂ।

ਲਲਕਾਰ ਰੈਲੀ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਦਲਿਤਾਂ, ਮਜ਼ਦੂਰਾਂ ਨੂੰ ਸਹੂਲਤਾਂ ਦੇਣ ਸਮੇਂ ਹੀ ਸਰਕਾਰ ਦੇ ਹਰੇ ਪੈੱਨ ਦੀ ਸਿਆਹੀ ਕਿਉਂ ਮੁੱਕਦੀ ਹੈ? ਜਦੋਂ ਕਿ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਭੱਤਾ, ਮੁਫਤ ਬੱਸ ਸਫ਼ਰ, ਕੱਟੇ ਰਾਸ਼ਨ ਕਾਰਡ, ਲੋੜਵੰਦਾਂ

● ਬਾਕੀ ਸਫ਼ਾ 13 'ਤੇ

## ਰਿਤੂਰਾਜ ਸਿੰਘ ਨਹੀਂ ਰਹੇ



**ਮੁੰਬਈ** : ਅਨੁਪਮਾ ਫੇਮ ਅਦਾਕਾਰ ਰਿਤੂਰਾਜ ਸਿੰਘ (59) ਦੀ ਸੋਮਵਾਰ ਰਾਤ ਸਾਢੇ 12 ਵਜੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ ਛੱਡ ਗਏ। ਉਸ ਨੇ ਬਨੇਗੀ ਅਪਨੀ ਬਾਤ, ਹਿਟਲਰ ਦੀਦੀ, ਸ਼ਪਥ, ਅਦਾਲਤ, ਦੀਆ ਔਰ ਬਾਤੀ, ਹਮ ਵਗਗੇ ਟੀ ਵੀ ਸੀਰੀਅਲਾਂ 'ਚ ਵੀ ਭੂਮਿਕਾਵਾਂ ਨਿਭਾਈਆਂ।

## ਰਾਹੁਲ ਦੀ ਜ਼ਮਾਨਤ

**ਸੁਲਤਾਨਪੁਰ (ਯੂ ਪੀ)** : ਸੁਲਤਾਨਪੁਰ ਜ਼ਿਲ੍ਹੇ ਦੀ 'ਸੰਸਦ ਮੈਂਬਰ-ਵਿਧਾਇਕ ਅਦਾਲਤ) ਨੇ ਮੰਗਲਵਾਰ ਰਾਹੁਲ ਗਾਂਧੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਟਿੱਪਣੀ ਕਰਨ ਲਈ ਦਾਇਰ ਮਾਣਹਾਨੀ ਦੇ ਕੇਸ 'ਚ ਜ਼ਮਾਨਤ ਦੇ ਦਿੱਤੀ। ਉਹ ਆਪਣੀ ਯਾਤਰਾ ਦਰਮਿਆਨ ਜੱਜ ਯੋਗੇਸ਼ ਯਾਦਵ ਦੇ ਸਾਹਮਣੇ ਪੇਸ਼ ਹੋਏ ਅਤੇ ਜ਼ਮਾਨਤ ਬਾਂਡ ਭਰਨ ਤੋਂ ਬਾਅਦ ਉਨ੍ਹਾ ਨੂੰ ਜ਼ਮਾਨਤ ਮਿਲ ਗਈ।

## ਇੰਡੀਗੋ ਜਹਾਜ਼ ਤੂਫਾਨ 'ਚ ਫਸਿਆ

**ਨਵੀਂ ਦਿੱਲੀ** : ਇੱਥੋਂ ਸ੍ਰੀਨਗਰ ਜਾ ਰਿਹਾ ਇੰਡੀਗੋ ਜਹਾਜ਼ ਤੂਫਾਨ 'ਚ ਫਸ ਗਿਆ ਤੇ ਇਸ ਦੌਰਾਨ ਦੋ ਜ਼ੋਰਦਾਰ ਝਟਕੇ ਲੱਗੇ। ਅਚਾਨਕ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਸਵਾਰੀਆਂ 'ਚ ਘਬਰਾਹਟ ਹੋਣੀ ਸ਼ੁਰੂ ਹੋ ਗਈ। ਜਦੋਂ ਸਥਿਤੀ ਕਾਬੂ 'ਚ ਆਈ ਤਾਂ ਬੱਚਿਆਂ ਅਤੇ ਹੋਰ ਕਈ ਸਵਾਰੀਆਂ ਨੂੰ ਪਾਣੀ ਪਿਲਾ ਕੇ ਸ਼ਾਂਤ ਕੀਤਾ ਗਿਆ। ਚਾਲਕ ਦਲ ਨੇ ਜਹਾਜ਼ ਤੇ ਯਾਤਰੀਆਂ ਨੂੰ ਸੰਭਾਲਦਿਆਂ ਸ੍ਰੀਨਗਰ 'ਚ ਜਹਾਜ਼ ਸਫਲਤਾ ਨਾਲ ਉਤਾਰ ਲਿਆ। ਜਹਾਜ਼ ਸੋਮਵਾਰ ਸ਼ਾਮ 5.25 ਵਜੇ ਦਿੱਲੀ ਤੋਂ ਰਵਾਨਾ ਹੋਇਆ ਸੀ।

## ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਜਾਰੀ

**ਨਵੀਂ ਦਿੱਲੀ** : ਪਿਆਜ਼ ਦੀਆਂ ਕੀਮਤਾਂ ਨੂੰ ਕਾਬੂ ਹੇਠ ਰੱਖਣ ਲਈ ਕੇਂਦਰ ਸਰਕਾਰ ਨੇ ਇਸ ਦੀ ਬਰਾਮਦ 'ਤੇ 8 ਦਸੰਬਰ ਨੂੰ ਲਾਈ ਪਾਬੰਦੀ ਪਹਿਲਾਂ ਦੇ ਹੁਕਮ ਮੁਤਾਬਕ 31 ਮਾਰਚ ਤੱਕ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਖਪਤਕਾਰ ਮਾਮਲਿਆਂ ਦੇ ਸਕੱਤਰ ਰੋਹਿਤ ਕੁਮਾਰ ਸਿੰਘ ਨੇ ਕਿਹਾ ਕਿ ਪਾਬੰਦੀ ਲਾਗੂ ਹੈ ਅਤੇ ਸਥਿਤੀ 'ਚ ਕੋਈ ਬਦਲਾਅ ਨਹੀਂ ਹੋਇਆ ਹੈ।

## ਅੰਮ੍ਰਿਤਸਰ-ਕਾਠਗੋਦਾਮ ਟਰੇਨ ਮਨਜ਼ੂਰ

**ਦੇਹਰਾਦੂਨ** : ਕੇਂਦਰ ਸਰਕਾਰ ਨੇ ਅੰਮ੍ਰਿਤਸਰ ਤੇ ਕਾਠਗੋਦਾਮ ਵਿਚਾਲੇ ਰੇਲ ਗੱਡੀ ਚਲਾਉਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਜਾਣਕਾਰੀ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਦਿੱਤੀ ਹੈ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

## ਅੱਜ-ਨਾਮਾ

ਹੋਇਆ ਚੋਣਾਂ ਦਾ ਅਜੇ ਐਲਾਨ ਕੋਈ ਨਾ,
ਟਿਕਟਾਂ ਲੈਣ ਦੀ ਛਿੜੀ ਪਈ ਜੰਗ ਮੀਆਂ।
ਚੋਣ ਪਿੰਡ ਦੀ ਵੀ ਜਿਹੜਾ ਹਰ ਗਿਆ ਸੀ,
ਉਹ ਵੀ ਕਰੀ ਫਿਰਦਾ ਭਾਰੀ ਮੰਗ ਮੀਆਂ।
ਪੁਰਾਣੇ ਮਿੱਤਰ ਦੀ ਕਰਨ ਬਦਖੋਈ ਲੱਗਾ,
ਆਉਂਦੀ ਸ਼ਰਮ ਨਾ ਰਤਾ ਵੀ ਸੰਗ ਮੀਆਂ।
ਪਾਰਟੀ ਲੀਡਰ ਵੀ ਹਾਮੀ ਫਿਰ ਭਰੀ ਜਾਂਦੇ,
ਲਾਰਾ ਲਾਉਣ ਦਾ ਵਰਤ ਰਹੇ ਢੰਗ ਮੀਆਂ।
ਚੋਣ ਲੜਨ ਲਈ ਇੱਕੋ ਨੂੰ ਟਿਕਟ ਮਿਲਣੀ,
ਟੁੱਟ ਫਿਰ ਬਾਕੀਆਂ ਦੀ ਝਾਕ ਜਾਊ ਮੀਆਂ।
ਛੱਡਣਾ ਉਨ੍ਹਾਂ ਨਹੀਂ ਓਦੋਂ ਫਿਰ ਪਾਰਟੀ ਨੂੰ,
ਅੰਦਰਲਾ ਸਾੜ ਫਿਰ ਕਲਾ ਵਿਖਾਊ ਮੀਆਂ।

**-ਤੀਸ ਮਾਰ ਖਾਂ**

## ਕਿਸਾਨਾਂ ਨੂੰ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਤਰੱਕੀ ਦੀ ਜ਼ਾਮਨ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਮੰਗਲਵਾਰ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਕਾਨੂੰਨੀ ਗਰੰਟੀ ਨਾਲ ਦੇਸ਼ ਦੇ ਕਿਸਾਨ ਬਜਟ 'ਤੇ ਬੋਝ ਨਹੀਂ ਬਣੇਗਾ, ਸਗੋਂ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) 'ਚ ਅਹਿਮ ਯੋਗਦਾਨ ਪਾਵੇਗਾ। ਉਨ੍ਹਾ ਇਹ ਵੀ ਕਿਹਾ ਕਿ ਇਹ ਝੂਠ ਬੋਲਿਆ ਜਾ ਰਿਹਾ ਹੈ ਕਿ ਬਜਟ ਦੇ ਮੱਦੇਨਜ਼ਰ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਦੇਣਾ ਸੰਭਵ ਨਹੀਂ ਹੈ। ਹਾਲ ਹੀ 'ਚ ਕਾਂਗਰਸ ਨੇ ਵਾਅਦਾ ਕੀਤਾ ਸੀ ਕਿ ਜੇ 2024 'ਚ ਇੰਡੀਆ ਗਠਜੋੜ ਕੇਂਦਰ 'ਚ ਸੱਤਾ 'ਚ ਆਉਂਦਾ ਹੈ ਤਾਂ ਕਿਸਾਨਾਂ ਨੂੰ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇਗੀ।

## ਸੋਨੀਆ ਬਿਨਾਂ ਮੁਕਾਬਲਾ ਜੇਤੂ



**ਨਵੀਂ ਦਿੱਲੀ** : ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਰਾਜਸਥਾਨ ਤੋਂ ਰਾਜ ਸਭਾ ਲਈ ਮੰਗਲਵਾਰ ਬਿਨਾਂ ਮੁਕਾਬਲੇ ਚੁਣੇ ਗਏ। ਵਿਧਾਨ ਸਭਾ ਸਕੱਤਰ ਨੇ ਦੱਸਿਆ ਕਿ ਸੋਨੀਆ ਗਾਂਧੀ ਦੇ ਨਾਲ ਭਾਜਪਾ ਦੇ ਚੁੰਨੀਲਾਲ ਗਰਾਸੀਆ ਤੇ ਮਦਨ ਰਾਠੌਰ ਰਾਜਸਥਾਨ ਤੋਂ ਰਾਜ ਸਭਾ ਲਈ ਬਿਨਾਂ ਮੁਕਾਬਲਾ ਚੁਣੇ ਗਏ। ਇਸ ਦੌਰਾਨ ਭਾਜਪਾ ਪ੍ਰਧਾਨ ਜੇ ਪੀ ਨੱਢਾ ਤੇ ਪਾਰਟੀ ਦੇ ਤਿੰਨ ਹੋਰ ਉਮੀਵਾਰ ਗੁਜਰਾਤ ਤੋਂ ਰਾਜ ਸਭਾ ਲਈ ਬਿਨਾਂ ਮੁਕਾਬਲਾ ਚੁਣੇ ਗਏ।

## ਮਰਾਠਿਆਂ ਨੂੰ 10 ਫੀਸਦੀ ਰਿਜ਼ਰਵੇਸ਼ਨ ਦਾ ਬਿੱਲ ਪਾਸ, ਪਰ ਅੰਦੋਲਨਕਾਰੀ ਵੱਲੋਂ ਧੋਖਾ ਕਰਾਰ

**ਮੁੰਬਈ** : ਮਹਾਰਾਸ਼ਟਰ ਅਸੰਬਲੀ ਨੇ ਮੰਗਲਵਾਰ ਮਰਾਠਿਆਂ ਨੂੰ ਸਿੱਖਿਆ ਤੇ ਸਰਕਾਰੀ ਨੌਕਰੀ ਵਿਚ 10 ਫੀਸਦੀ ਰਿਜ਼ਰਵੇਸ਼ਨ ਦਾ ਬਿੱਲ ਪਾਸ ਕਰ ਦਿੱਤਾ। ਇਸ ਨਾਲ ਕੁਲ ਰਿਜ਼ਰਵੇਸ਼ਨ 62 ਫੀਸਦੀ ਤੱਕ ਪੁੱਜ ਜਾਵੇਗੀ। ਰਿਜ਼ਰਵੇਸ਼ਨ 50 ਫੀਸਦੀ ਤੋਂ ਟੱਪਣ ਕਾਰਨ ਇਸ ਬਿੱਲ ਨੂੰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸੁਪਰੀਮ ਕੋਰਟ ਨੇ ਮਈ 2021 ਵਿਚ ਮਰਾਠਿਆਂ ਨੂੰ ਵੱਖਰੀ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਰੱਦ ਕਰ ਦਿੱਤਾ ਸੀ, ਕਿਉਂਕਿ ਰਿਜ਼ਰਵੇਸ਼ਨ ਹੱਦ 50 ਫੀਸਦੀ ਤੋਂ ਟੱਪ ਗਈ ਸੀ। ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਕਿਹਾ—ਅਸੀਂ ਜੋ ਬੋਲਿਆ ਸੀ, ਉਹ ਕੀਤਾ। ਇਸ ਨਾਲ ਓ ਬੀ ਸੀ ਜਾਂ ਹੋਰਨਾਂ ਦੀ ਰਿਜ਼ਰਵੇਸ਼ਨ ਨੂੰ ਨੁਕਸਾਨ ਨਹੀਂ ਪੁੱਜੇਗਾ।

ਉਧਰ, ਮਰਾਠਿਆਂ ਲਈ ਰਿਜ਼ਰਵੇਸ਼ਨ ਦਾ ਅੰਦੋਲਨ ਚਲਾ ਰਹੇ ਮਨੋਜ ਜਰਾਂਗੇ ਨੇ ਕਿਹਾ ਕਿ ਜਿਹੜਾ ਬਿੱਲ ਪਾਸ ਹੋਇਆ ਹੈ, ਉਹ ਉਨ੍ਹਾ ਦੀ ਮੰਗ ਮੁਤਾਬਕ ਨਹੀਂ। ਸੁਪਰੀਮ ਕੋਰਟ ਨੇ ਇਸ ਨੂੰ ਮੰਨਣਾ ਨਹੀਂ। ਉਨ੍ਹਾਂ ਨੂੰ ਓ ਬੀ ਸੀ ਕੋਟੇ ਵਿੱਚੋਂ ਰਿਜ਼ਰਵੇਸ਼ਨ ਚਾਹੀਦੀ ਹੈ। ਸਰਕਾਰ ਉਨ੍ਹਾਂ ਨੂੰ ਮੂਰਖ ਨਾ ਬਣਾਏ। ਬਿੱਲ ਮਰਾਠਾ ਭਾਈਚਾਰੇ ਨਾਲ ਧੋਖਾ ਹੈ। ਭਾਈਚਾਰਾ ਸਰਕਾਰ 'ਤੇ ਭਰੋਸਾ ਨਹੀਂ ਕਰੇਗਾ। ਬਿੱਲ ਲੋਕ ਸਭਾ ਚੋਣਾਂ ਨੂੰ ਦੇਖਦਿਆਂ ਪਾਸ ਕੀਤਾ ਗਿਆ ਹੈ। ਉਹ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਬੁੱਧਵਾਰ ਕਰਨਗੇ।

## ਹਰਿਆਣਾ ਅਸੰਬਲੀ 'ਚ ਬੇਭਰੋਸਗੀ ਮਤੇ 'ਤੇ ਬਹਿਸ ਭਲਕੇ

**ਚੰਡੀਗੜ੍ਹ** : ਹਰਿਆਣਾ ਅਸੰਬਲੀ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਕਾਂਗਰਸ ਵੱਲੋਂ ਮਨੋਹਰ ਲਾਲ ਖੱਟਰ ਸਰਕਾਰ ਖਿਲਾਫ ਲਿਆਂਦੇ ਬੇਭਰੋਸਗੀ ਮਤੇ ਨੂੰ ਮੰਗਲਵਾਰ ਸਵੀਕਾਰ ਕਰ ਲਿਆ ਤੇ ਬਹਿਸ ਲਈ 22 ਫਰਵਰੀ ਦਾ ਦਿਨ ਤੈਅ ਕਰ ਦਿੱਤਾ। 90 ਮੈਂਬਰੀ ਅਸੰਬਲੀ 'ਚ ਭਾਜਪਾ ਦੇ 41 ਵਿਧਾਇਕ ਹਨ ਅਤੇ ਉਸ ਦੀ ਸਹਿਯੋਗੀ ਜੇ ਜੇ ਪੀ ਦੇ 10 ਵਿਧਾਇਕ ਹਨ। 7 ਆਜ਼ਾਦ ਵਿਧਾਇਕਾਂ ਵਿੱਚੋਂ 6 ਭਾਜਪਾ ਦਾ ਸਮਰਥਨ ਕਰਦੇ ਹਨ। ਭਾਜਪਾ ਨੂੰ ਹਰਿਆਣਾ ਲੋਕਹਿੱਤ ਪਾਰਟੀ ਦੇ ਵਿਧਾਇਕ ਗੋਪਾਲ ਕਾਂਡਾ ਦਾ ਵੀ ਸਮਰਥਨ ਹਾਸਲ ਹੈ। ਕਾਂਗਰਸ ਕੋਲ 30 ਵਿਧਾਇਕ ਹਨ, ਜਦਕਿ ਇੰਡੀਅਨ ਨੈਸ਼ਨਲ ਲੋਕਦਲ ਕੋਲ ਇੱਕ ਵਿਧਾਇਕ ਹੈ।

ਦਲਿਤ ਵਰਗ ਦੀ ਮੁਕਤੀ ਲਈ ਚੇਤਨਤਾ ਨਾਲ ਸੰਘਰਸ਼ ਕਰ ਕੇ ਅੱਗੇ ਵਧਾਂਗੇ : ਸਈਅਦ ਅਜ਼ੀਜ਼ ਪਾਸ਼ਾ (ਖ਼ਬਰ ਸਫ਼ਾ 13 'ਤੇ)




ਨਵਾਂ ਜ਼ਮਾਨਾ
ਬੁੱਧਵਾਰ, 21 ਫਰਵਰੀ 2024

# 'ਗੈਰ-ਸਿਆਸੀਓ' ਹੱਥਠੋਕੇ ਨਾ ਬਣੋ

ਕਾਫ਼ੀ ਸਮਾਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਤੇ ਦੇਸ਼ ਭਰ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਸਾਂਝੇ ਤੌਰ ਉੱਤੇ ਆਪਣੀਆਂ ਮੰਗਾਂ ਦੀ ਪੂਰਤੀ ਲਈ 16 ਫ਼ਰਵਰੀ ਨੂੰ 'ਪੇਂਡੂ ਭਾਰਤ ਬੰਦ' ਦਾ ਐਲਾਨ ਕੀਤਾ ਸੀ। ਇਹ ਆਸ ਤੋਂ ਵੀ ਵੱਧ ਸਫ਼ਲ ਰਿਹਾ ਸੀ। ਇਹ ਪੇਂਡੂ ਭਾਰਤ ਹੀ ਨਹੀਂ, ਸ਼ਹਿਰਾਂ ਤੱਕ ਵੀ ਫੈਲਿਆ ਤੇ ਲੋਕਾਂ ਨੇ ਆਪਣੇ ਕਾਰੋਬਾਰ ਬੰਦ ਰੱਖੇ। ਇਸੇ ਦੌਰਾਨ ਪੰਜਾਬ ਦੀਆਂ ਕੁਝ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਬਣਾ ਕੇ ਭਾਰਤ ਬੰਦ ਦੇ ਮੁਕਾਬਲੇ 13 ਫ਼ਰਵਰੀ ਨੂੰ ਕਿਸਾਨ-ਮਜ਼ਦੂਰ ਮੰਗਾਂ ਲਈ 'ਦਿੱਲੀ ਚੱਲੋ' ਦਾ ਨਾਅਰਾ ਦੇ ਦਿੱਤਾ। ਪਹਿਲਾਂ ਤਾਂ ਅਸੀਂ ਇਹ ਕਹਿਣਾ ਚਾਹਾਂਗੇ ਕਿ ਲੋਕਤੰਤਰ ਵਿਵਸਥਾ ਦਾ ਮੂਲ ਅਧਾਰ ਹਰ ਬਾਲਗ ਵੋਟਰ ਦੀ ਵੋਟ ਹੁੰਦਾ ਹੈ। ਇਸ ਲਈ ਲੋਕਤੰਤਰ ਵਿੱਚ ਕੋਈ ਵੀ ਵਿਅਕਤੀ ਗੈਰ-ਸਿਆਸੀ ਨਹੀਂ ਹੁੰਦਾ। ਵੈਸੇ ਤਾਂ ਭਾਜਪਾ ਦੇ ਹਰ ਪੱਧਰ ਉੱਤੇ ਫੈਸਲੇ ਲੈਣ ਵਾਲਾ ਆਰ ਐੱਸ ਐੱਸ ਵੀ ਆਪਣੇ ਆਪ ਨੂੰ ਇੱਕ ਗੈਰ-ਸਿਆਸੀ ਸਮਾਜਿਕ ਜਥੇਬੰਦੀ ਕਹਿੰਦਾ ਹੈ।

ਅਸਲ ਵਿੱਚ ਇਹ ਗੈਰ-ਸਿਆਸੀ ਸ਼ਬਦ ਦੀ ਵਰਤੋਂ ਵੀ ਇੱਕ ਸਿਆਸੀ ਮਕਸਦ ਵਜੋਂ ਕੀਤੀ ਜਾਂਦੀ ਹੈ। ਹਾਕਮ ਸ਼ੁਰੂ ਤੋਂ ਹੀ ਇਹ ਕੋਸ਼ਿਸ਼ ਕਰਦੇ ਰਹੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਕਿਸਾਨ ਏਕਤਾ ਨੂੰ ਕਮਜ਼ੋਰ ਕੀਤਾ ਜਾਵੇ। ਦਿੱਲੀ ਵਿੱਚ ਜਾਰੀ ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਦੇ ਦਿੱਲੀ ਮਾਰਚ ਨੂੰ ਤਾਰਪੀਡੋ ਕਰਨ ਵਾਲੇ ਖ਼ੂਦ ਤੋਂ ਸਾਹਮਣੇ ਆ ਗਿਆ ਸੀ ਕਿ ਕੁਝ ਜਥੇਬੰਦੀਆਂ ਸਰਕਾਰ ਦੇ ਇਸ਼ਾਰੇ 'ਤੇ ਅੰਦੋਲਨ ਨੂੰ ਤੋੜਨਾ ਚਾਹੁੰਦੀਆਂ ਹਨ।

ਖ਼ੈਰ, ਪੁਰਾਣੀਆਂ ਗੱਲਾਂ ਛੱਡੋ, ਹੁਣ ਸ਼ੰਭੂ ਬਾਰਡਰ ਉੱਤੇ ਬੈਠੇ ਕਿਸਾਨਾਂ ਦੀ ਗੱਲ ਕਰਦੇ ਹਾਂ। ਕਿਸਾਨ ਮੋਰਚੇ ਦੇ ਨਾਂਅ ਉੱਤੇ ਇਸ ਵਿੱਚ ਸਿਰਫ਼ ਦੋ ਜਥੇਬੰਦੀਆਂ ਹੀ ਸ਼ਾਮਲ ਹਨ, ਇੱਕ ਜਗਜੀਤ ਸਿੰਘ ਡੱਲੇਵਾਲ ਦੀ ਕਿਸਾਨ ਯੂਨੀਅਨ ਤੇ ਦੂਜੀ ਸਰਵਣ ਸਿੰਘ ਪੰਧੇਰ ਦੀ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ। ਇਹ ਦੋਵੇਂ ਆਗੂ ਲਗਾਤਾਰ ਸਰਕਾਰ ਨਾਲ ਗੱਲ ਕਰਦੇ ਰਹੇ ਸਨ। ਚੰਡੀਗੜ੍ਹ ਵਿੱਚ ਕੇਂਦਰ ਦੇ ਮੰਤਰੀਆਂ ਨਾਲ ਹੋਈ ਆਖਰੀ ਬੈਠਕ ਵਿੱਚ ਸਰਕਾਰ ਨੇ ਤਿੰਨ ਕਿਸਮ ਦੀਆਂ ਦਾਲਾਂ, ਕਪਾਹ ਤੇ ਮੱਕੀ ਸਮਰਥਨ ਮੁੱਲ 'ਤੇ ਖਰੀਦਣ ਦਾ ਭਰੋਸਾ ਦੇ ਦਿੱਤਾ। ਇਹ ਖਰੀਦ ਕਰਨ ਲਈ ਨੈਫਡ ਵਰਗੀਆਂ ਸਰਕਾਰੀ ਏਜੰਸੀਆਂ ਕਿਸਾਨਾਂ ਨਾਲ ਸਮਝੌਤੇ ਕਰਨਗੀਆਂ। ਮੋਰਚੇ ਦੇ ਆਗੂ ਇਸ ਗੱਲ ਨਾਲ ਏਨੇ ਉਤਸ਼ਾਹਤ ਹੋ ਗਏ ਕਿ ਬਾਕੀ ਮੰਗਾਂ ਭੁੱਲ ਹੀ ਗਏ। ਸ਼ਾਇਦ ਉਨ੍ਹਾਂ ਨੂੰ ਸਮਝ ਨਹੀਂ ਸੀ ਜਾਂ ਉਹ ਜਾਣ-ਬੁੱਝ ਕੇ ਸਰਕਾਰ ਦਾ ਹੱਥਠੋਕਾ ਬਣ ਰਹੇ ਸਨ। ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਦੇ ਸੰਸਦ ਵਿੱਚ ਐਲਾਨ ਤੋਂ ਬਾਅਦ ਤਿੰਨ ਖੇਤੀ ਕਾਨੂੰਨ ਜ਼ਬਾਨੀ-ਕਲਾਮੀ ਤਾਂ ਰੱਦ ਹੋ ਗਏ ਹਨ, ਪਰ ਹਾਲੇ ਤੱਕ ਵੀ ਸਰਕਾਰ ਨੇ ਉਨ੍ਹਾਂ ਬਾਰੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਉਨ੍ਹਾਂ ਵਿੱਚ ਇੱਕ ਕਾਨੂੰਨ ਮੰਡੀ ਸਿਸਟਮ ਖ਼ਤਮ ਕਰਨ ਤੇ ਕੰਟਰੈਕਟ ਫਾਰਮਿੰਗ ਬਾਰੇ ਸੀ। ਇਹ ਕਿਸਾਨ-ਮਜ਼ਦੂਰ ਆਗੂ ਜਿਹੜੀ ਗੱਲ ਮੰਨ ਕੇ ਵਿਚਾਰ ਕਰਨ ਦੀ ਹਾਮੀ ਭਰ ਕੇ ਆਏ ਸਨ, ਉਹ ਉਸ ਰੱਦ ਕਾਨੂੰਨ ਨੂੰ ਲਾਗੂ ਕਰਨ ਦਾ ਰਾਹ ਖੋਲ੍ਹਣ ਵਾਲੀ ਸੀ। ਆਪ ਸੋਚੋ ਜਦੋਂ ਨੈਫਡ ਵਰਗੀਆਂ ਸੰਸਥਾਵਾਂ ਸਮਝੌਤੇ ਕਰਨਗੀਆਂ ਤਾਂ ਕਾਰਪੋਰੇਟ ਵੀ ਵੱਧ ਭਾਅ ਦੇ ਕੇ ਕਰਨਗੇ। ਇਹੋ ਗੱਲ ਤਾਂ ਉਸ ਖੇਤੀ ਕਾਨੂੰਨ ਵਿੱਚ ਸੀ।

ਇਹ ਚੰਗੀ ਗੱਲ ਹੈ ਕਿ ਦੇਸ਼ ਦੀਆਂ ਸਭ ਤੋਂ ਵੱਡੀਆਂ ਕਿਸਾਨ ਧਿਰਾਂ ਦੇ ਸੰਯੁਕਤ ਮੋਰਚੇ ਨੇ ਸਰਕਾਰ ਦੀ ਇਸ ਤਜਵੀਜ਼ ਨੂੰ ਪਹਿਲੀ ਸੱਟੇ ਹੀ ਰੱਦ ਕਰ ਦਿੱਤਾ ਸੀ। ਹੁਣ ਗੈਰ-ਸਿਆਸੀਆਂ ਨੇ ਵੀ ਇਸ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਐਲਾਨ ਕੀਤਾ ਹੈ ਕਿ 21 ਫ਼ਰਵਰੀ ਨੂੰ ਦਿੱਲੀ ਵੱਲ ਕੂਚ ਕੀਤਾ ਜਾਵੇਗਾ। ਸਾਡੀ ਸਮਝ ਹੈ ਕਿ ਦੇਸ਼ ਵਿੱਚ ਕਿਸੇ ਵੀ ਸਮੇਂ ਲੋਕ ਸਭਾ ਚੋਣਾਂ ਦਾ ਐਲਾਨ ਹੋ ਸਕਦਾ ਹੈ, ਇਸ ਲਈ ਦਿੱਲੀ ਜਾਣ ਦੀ ਅੜੀ ਛੱਡ ਦੇਣੀ ਚਾਹੀਦੀ ਹੈ। ਸ਼ਾਇਦ ਜਾਣ ਵੀ ਨਾ ਤੇ ਸਰਕਾਰ ਦੇ ਅਗਲੇ ਐਲਾਨ ਦੀ ਉਡੀਕ ਕਰਨ।

ਸਰਵਣ ਸਿੰਘ ਪੰਧੇਰ ਤੇ ਜਗਜੀਤ ਸਿੰਘ ਡੱਲੇਵਾਲ ਦਾ ਆਪਣੇ-ਆਪਣੇ ਇਲਾਕਿਆਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਅੰਦਰ ਤਕੜਾ ਅਧਾਰ ਹੈ। ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਜਾਲ ਵਿੱਚ ਫਸਣ ਦੀ ਥਾਂ ਪਿਛਲੀਆਂ ਗਲਤੀਆਂ ਤੋਂ ਤੌਬਾ ਕਰਕੇ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਬਣਨਾ ਚਾਹੀਦਾ ਹੈ।

-ਚੰਦ ਫਤਿਹਪੁਰੀ

# ਕੁਰਬਾਨੀ ਦੀ ਮਿਸਾਲ : ਜੈਤੋ ਦਾ ਮੋਰਚਾ


**ਪਿਰਥੀਪਾਲ ਸਿੰਘ ਮਾੜੀਮੇਘਾ**

ਜੈਤੋ ਦੇ ਮੋਰਚੇ ਵਿੱਚ ਸਿੱਖਾਂ ਦੀਆਂ ਹੋਈਆਂ ਸ਼ਹਾਦਤਾਂ ਦਾ ਇਸ ਵਾਰ 21 ਫਰਵਰੀ 2024 ਨੂੰ ਸ਼ਤਾਬਦੀ ਵਰ੍ਹਾ ਹੈ, ਜੋ ਦੇਸ਼ ਭਰ ਵਿੱਚ ਧੂਮਧਾਮ ਨਾਲ ਮਨਾਇਆ ਜਾ ਰਿਹਾ। ਅੰਗਰੇਜ਼ ਇੰਨੇ ਜ਼ਾਲਮ ਸਨ ਕਿ ਜਿਹੜੀ ਵੀ ਲਹਿਰ 'ਚੋਂ ਉਨ੍ਹਾਂ ਨੂੰ ਆਪਣੀ ਹਕੂਮਤ ਵਿਰੁੱਧ ਝਲਕ ਪੈਂਦੀ ਸੀ, ਉਸ ਨੂੰ ਕੁਚਲ ਦਿੰਦੇ ਸਨ, ਪਰ ਸਿੱਖਾਂ ਦੇ ਹੌਸਲੇ ਗੁਰਦੁਆਰਿਆਂ ਦੀ ਆਜ਼ਾਦੀ ਦੀ ਜਿੱਤ ਨਾਲ ਪ੍ਰਬਲ ਹੋ ਚੁੱਕੇ ਸਨ। ਭਾਵੇਂ ਕਿ ਸਿੱਖਾਂ ਨੂੰ ਗੁਰਦੁਆਰਿਆਂ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਨਨਕਾਣਾ ਸਾਹਿਬ ਤੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਅਥਾਹ ਤਸ਼ੱਦਦ ਝੱਲਣਾ ਪਿਆ ਸੀ।

ਜੈਤੋ ਦੇ ਮੋਰਚੇ ਦਾ ਪਿਛੋਕੜ ਇਹ ਹੈ ਕਿ ਨਾਭਾ ਰਿਆਸਤ ਦਾ ਮਹਾਰਾਜਾ ਰਿਪਦੁਮਨ ਸਿੰਘ ਅੰਗਰੇਜ਼ਾਂ ਦਾ ਹਰ ਹੁਕਮ ਨਹੀਂ ਸੀ ਮੰਨਦਾ। ਸੋਹਨ ਸਿੰਘ ਜੋਸ਼ ਅਨੁਸਾਰ," ਰਿਪਦੁਮਨ ਸਿੰਘ ਇੱਕ ਆਜ਼ਾਦ ਤੇ ਸਿਰੜੀ ਬੰਦਾ ਸੀ। ਉਹ ਮਹਾਰਾਜਾ ਪਟਿਆਲਾ ਵਾਂਗ ਹਰ ਗੱਲੇ ਬ੍ਰਿਟਿਸ਼ ਸਰਕਾਰ ਦਾ 'ਜੀ ਹਜ਼ੂਰੀਆ' ਨਹੀਂ ਸੀ। ਅੰਗਰੇਜ਼ਾਂ ਦਾ ਜਿਹੜਾ ਫੈਸਲਾ ਆਵਾਮ ਦੇ ਵਿਰੁੱਧ ਹੋਵੇ, ਉਸ ਨੂੰ ਮਹਾਰਾਜਾ ਰਿਪਦੁਮਨ ਸਿੰਘ ਲਾਗੂ ਨਹੀਂ ਸੀ ਕਰਦਾ। ਇਸ ਕਰਕੇ ਇਹ ਮਹਾਰਾਜਾ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਅਖੀਰ ਅੰਗਰੇਜ਼ਾਂ ਨੇ ਰਾਜੇ ਨੂੰ 9 ਜੁਲਾਈ 1923 ਨੂੰ ਗੱਦੀ ਤੋਂ ਲਾਹ ਕੇ ਨਾਭਾ ਰਿਆਸਤ ਦਾ 'ਐਡਮਨਿਸਟਰ' ਇੱਕ ਅੰਗਰੇਜ਼ ਵਿਲਸਨ ਜੌਹਨਸਟਨ ਲਾ ਦਿੱਤਾ। ਇਸ ਕੰਮ ਵਿੱਚ ਅੰਗਰੇਜ਼ਾਂ ਦਾ ਸਾਥ ਪਟਿਆਲੇ ਦੇ ਮਹਾਰਾਜੇ ਭੁਪਿੰਦਰ ਸਿੰਘ ਨੇ ਦਿੱਤਾ ਸੀ।"

ਮਹਾਰਾਜਾ ਰਿਪਦੁਮਨ ਸਿੰਘ ਤੇ ਪਟਿਆਲੇ ਦੇ ਰਾਜੇ ਵਿਚਕਾਰ ਝਗੜਾ ਇੱਕ ਸੁਨੱਖੀ ਕੁੜੀ 'ਰਚਨੀ' ਤੋਂ ਸ਼ੁਰੂ ਹੋਇਆ ਤੇ ਰਾਜਾ ਭੁਪਿੰਦਰ ਸਿੰਘ ਨਾਭੇ ਰਿਆਸਤ 'ਚੋਂ ਉਹ ਕੁੜੀ ਉਠਵਾ ਕੇ ਲੈ ਗਿਆ ਸੀ। ਕਾਮਰੇਡ ਸੋਹਣ ਸਿੰਘ ਜੋਸ਼ ਅਨੁਸਾਰ, 'ਵਿਭਚਾਰ ਤੇ ਭ੍ਰਿਸ਼ਟਾਚਾਰ ਵਰਗੀਆਂ ਅਲਾਮਤਾਂ ਤੋਂ ਕੋਈ ਮਹਾਰਾਜਾ ਵੀ ਨਹੀਂ ਸੀ ਬਚਿਆ, ਨਾਭੇ ਦਾ ਰਾਜਾ ਰਿਪਦੁਮਨ ਸਿੰਘ ਵੀ ਨਹੀਂ, ਪਰ ਮਹਾਰਾਜਾ ਪਟਿਆਲਾ ਤਾਂ ਲੜਕੀਆਂ ਨਾਲ ਹਵਸ ਦੇ ਮਾਮਲੇ ਵਿੱਚ ਰਾਜੇ ਰਿਪਦੁਮਨ ਸਿੰਘ ਨਾਲੋਂ ਸੌ ਗੁਣਾਂ ਅੱਗੇ ਸੀ।'

ਰਿਪਦੁਮਨ ਸਿੰਘ ਦਾ ਬਾਕੀ ਰਾਜਿਆਂ ਨਾਲੋਂ ਫਰਕ ਇਹ ਸੀ ਕਿ ਉਹ ਅਦੁਭਤ ਤੇ ਆਜ਼ਾਦ ਖਿਆਲ ਸ਼ਖਸੀਅਤ ਸੀ। ਇਸੇ ਕਰਕੇ ਉਸ ਨੇ




ਗੁਰਦੁਆਰਾ ਸੁਧਾਰ ਲਹਿਰ ਦੀ ਇਖਲਾਕੀ ਤੌਰ 'ਤੇ ਮਦਦ ਕੀਤੀ ਸੀ। ਉਸ ਨੇ ਚੱਲ ਰਹੀ ਲਹਿਰ ਵਿੱਚ ਕਿਸੇ ਅਕਾਲੀ ਨੂੰ ਗ੍ਰਿਫਤਾਰ ਨਹੀਂ ਸੀ ਕੀਤਾ।

ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਸਤੰਬਰ 1923 ਨੂੰ ਇੱਕ ਜਥਾ ਜੈਤੋ ਨੂੰ ਤੋਰਿਆ, ਪਰ ਅੱਗੇ ਅੰਗਰੇਜ਼ ਪ੍ਰਮੁੱਖ ਪ੍ਰਬੰਧਕ ਨੇ ਰਿਆਸਤ ਵਿੱਚ ਇੱਕ ਤਰ੍ਹਾਂ ਮਾਰਸ਼ਲ ਲਾਅ ਲਾਇਆ ਹੋਇਆ ਸੀ। ਸਾਰੇ ਜਲਸੇ, ਜਲੂਸ ਤੇ ਇਕੱਠਾਂ ਤੇ ਪਾਬੰਦੀ ਸੀ। ਹਕੂਮਤ ਨੇ ਜਥੇ ਨੂੰ ਗ੍ਰਿਫਤਾਰ ਕਰ ਕੇ ਦੂਰ-ਦੁਰਾਡੇ ਲਿਜਾ ਕੇ ਛੱਡ ਦਿੱਤਾ। ਇਸ ਤਰ੍ਹਾਂ 25-25 ਦੇ ਜਥੇ ਜਾਂਦੇ ਤੇ ਹਕੂਮਤ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦੂਰ ਛੱਡ ਆਉਂਦੀ ਸੀ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ 4 ਸਤੰਬਰ ਨੂੰ ਜੈਤੋ ਦਾ ਮੋਰਚਾ ਆਪਣੇ ਹੱਥ ਲੈ ਲਿਆ ਅਤੇ 9 ਸਤੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਨਾਭੇ ਦੇ ਰਾਜੇ ਦੀ ਬਹਾਲੀ ਲਈ ਬੜੇ ਧੜੱਲੇਦਾਰ ਜਲੂਸ ਤੇ ਜਲਸੇ ਕੀਤੇ।

11 ਤੇ 14 ਸਤੰਬਰ ਨੂੰ ਮੁਕਤਸਰ ਤੋਂ ਵੱਡੇ ਜਥੇ ਜੈਤੋ ਪਹੁੰਚੇ। ਜਥਿਆਂ ਨੇ ਗੁਰਦੁਆਰੇ ਵਿੱਚ ਦੀਵਾਨ ਕਰਕੇ ਰਾਜੇ ਦੀ ਬਹਾਲੀ ਦੀ ਮੰਗ ਕੀਤੀ। ਗੁਰਦੁਆਰੇ ਵਿੱਚ ਆਖੰਡ ਪਾਠ ਜਾਰੀ ਸੀ। ਹਥਿਆਰਬੰਦ ਪੁਲਸ ਦੀ ਧਾੜ ਨੇ ਆਖੰਡ ਪਾਠ ਕਰਦੇ ਪਾਠੀ ਸਮੇਤ 60 ਸਿੱਖਾਂ ਨੂੰ ਫੜ ਲਿਆ। ਆਖੰਡ ਪਾਠ ਖੰਡਤ ਹੋ ਗਿਆ ਤੇ ਸਿੱਖ ਬਹੁਤ ਰੋਹ ਵਿੱਚ ਆ ਗਏ। ਸ਼੍ਰੋਮਣੀ ਕਮੇਟੀ ਨੇ ਸਿੱਖਾਂ ਦੇ ਇਸ ਜਜ਼ਬਾਤ ਨੂੰ ਵਰਤਿਆ ਅਤੇ 15 ਸਤੰਬਰ ਤੋਂ 25 ਸਿੱਖਾਂ ਦਾ ਜਥਾ ਰੋਜ਼ਾਨਾ ਅਕਾਲ ਤਖਤ ਸਾਹਿਬ ਤੋਂ ਜੈਤੋ ਨੂੰ ਭੇਜਣਾ ਸ਼ੁਰੂ ਕਰ ਦਿੱਤਾ।

ਜੈਤੋ ਦੇ ਇਸ ਮੋਰਚੇ ਦੀ ਕਾਂਗਰਸ ਵੀ ਪੁਰਜ਼ੋਰ ਹਮਾਇਤ ਕਰ ਰਹੀ ਸੀ। ਇਸ ਬਾਬਤ ਕਾਂਗਰਸ ਦੀ ਦਿੱਲੀ ਵਿਖੇ ਉਚੇਚੀ ਮੀਟਿੰਗ ਹੋਈ। ਮੋਰਚੇ ਦੀ ਹਮਾਇਤ ਵਿੱਚ ਜਦੋਂ ਪੰਡਤ ਜਵਾਹਰ ਲਾਲ ਨਹਿਰੂ, ਛਿਰੀ ਕੇ ਸਨਤਾਨਮ,ਪ੍ਰੋਫੈਸਰ ਗਿਡਵਾਨੀ ਅਤੇ ਦਰਬਾਰਾ ਸਿੰਘ ਮੱਲਣ ਨਾਭੇ ਆਏ ਤਾਂ ਹਕੂਮਤ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਪੰਡਤ ਮੋਤੀ ਲਾਲ ਨਹਿਰੂ ਨੇ 23 ਸਤੰਬਰ 1923 ਨੂੰ ਵਾਇਸਰਾਏ ਨੂੰ ਤਾਰ ਰਾਹੀਂ ਖਬਰ ਦਿੱਤੀ ਕਿ ਉਹ ਪੰਡਤ ਜਵਾਹਰ ਲਾਲ ਨਹਿਰੂ ਨੂੰ ਨਾਭੇ ਮਿਲਣ ਜਾ ਰਹੇ ਹਨ। ਹਕੂਮਤ ਨੇ ਮੋਤੀ ਲਾਲ ਨੂੰ ਆਪਣੇ ਪੁੱਤਰ ਜਵਾਹਰ ਲਾਲ ਨੂੰ ਮਿਲਣ ਨਾ ਦਿੱਤਾ। ਨਾਭਾ ਕੇਸ ਵਿੱਚ ਪੰਡਤ ਜਵਾਹਰ ਲਾਲ ਨਹਿਰੂ, ਛਿਰੀ ਕੇ ਸਨਤਾਨਮ, ਪ੍ਰੋਫੈਸਰ ਗਿਡਵਾਨੀ ਤੇ ਦਰਬਾਰਾ ਸਿੰਘ ਨੂੰ ਢਾਈ ਸਾਲ ਦੀ ਸਜ਼ਾ ਹੋਈ। ਸਜ਼ਾ ਸੁਣਾਉਣ ਤੋਂ ਪਿੱਛੋਂ ਉਸੇ ਦਿਨ ਐਡਮਨਿਸਟਰ ਨੇ ਤਿੰਨਾਂ ਕੌਮੀ ਆਗੂਆਂ ਦੀ ਇਸ ਸ਼ਰਤ 'ਤੇ ਸਜ਼ਾ ਮਾਫ ਕਰ ਦਿੱਤੀ ਕਿ ਉਹ ਨਾਭੇ 'ਚੋਂ ਚਲੇ ਜਾਣ ਤੇ ਬਿਨਾਂ ਆਗਿਆ ਨਾ ਆਉਣ, ਪਰ ਦਰਬਾਰਾ ਸਿੰਘ ਨੂੰ ਪੂਰੀ ਸਜ਼ਾ ਭੁਗਤਾਈ ਗਈ।

ਜੈਤੋ ਦਾ ਮੋਰਚਾ ਜ਼ੋਰ ਫੜਦਾ ਗਿਆ। ਪ੍ਰਬੰਧਕ ਸਿੱਖਾਂ ਨੂੰ ਫੜਦਾ ਤੇ ਦੂਰ ਲਿਜਾ ਕੇ ਛੱਡ ਦਿੰਦਾ। ਸ਼੍ਰੋਮਣੀ ਕਮੇਟੀ ਨੇ ਸੌ-ਸੌ ਦੇ ਜਥੇ ਵੀ ਭੇਜੇ, ਪਰ ਉਨ੍ਹਾਂ ਨਾਲ ਵੀ ਪ੍ਰਬੰਧਕ ਪਹਿਲੇ ਜਥਿਆਂ ਦੀ ਤਰ੍ਹਾਂ ਕਰਦਾ ਸੀ। ਇਸ ਪ੍ਰਸਥਿਤੀ ਵਿੱਚ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਕਿ 500 ਸਿੱਖਾਂ ਦਾ 'ਸ਼ਹੀਦੀ ਜਥਾ' ਭੇਜਿਆ ਜਾਵੇ। ਇਸ ਜਥੇ ਦੇ ਜੈਤੋ ਪਹੁੰਚਣ ਦਾ ਦਿਨ 21 ਫਰਵਰੀ 1924 ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਦਿਹਾੜਾ ਚੁਣਿਆ ਗਿਆ। ਜਥਾ ਅਕਾਲ ਤਖਤ ਸਾਹਿਬ ਤੋਂ ਮੱਥਾ ਟੇਕ ਕੇ ਕੁਰਬਾਨੀਆਂ ਦੇਣ ਲਈ ਤੁਰ ਪਿਆ। ਰਸਤੇ ਵਿੱਚ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਦੇ ਸ਼ਹੀਦੀ ਜਥੇ ਦੇ ਦਰਸ਼ਨ ਕਰਨ ਲਈ ਲੋਕ ਵੱਡੀ ਗਿਣਤੀ ਵਿੱਚ ਇਕੱਠੇ ਹੋ ਜਾਂਦੇ। ਜਥੇ ਦੀ ਆਮਦ 'ਤੇ ਦੀਵਾਨ ਲੱਗਦੇ ਤੇ ਸੰਗਤਾਂ ਨੂੰ ਲੰਗਰ ਛਕਾਏ ਜਾਂਦੇ।

ਜੈਤੋ ਪਹੁੰਚਦਿਆਂ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦੀ ਜਥੇ ਦੇ ਹਮਾਇਤੀ ਨਾਲ ਰਲ ਗਏ। ਜਲੂਸ ਬਹੁਤ ਲੰਮਾ ਹੋ ਗਿਆ। ਜਲੂਸ ਨੇ ਜਥੇ ਨੂੰ ਕਲਾਵੇ ਵਿੱਚ ਲਿਆ ਹੋਇਆ ਸੀ ਤੇ ਹੌਲੀ-ਹੌਲੀ ਅੱਗੇ ਵਧ ਰਹੇ ਸਨ। ਅੰਗਰੇਜ਼ ਅਫਸਰਾਂ ਨੇ ਜਲੂਸ ਨੂੰ ਰੁਕਣ ਲਈ ਕਿਹਾ, ਪਰ ਸਮੂਹ ਲੋਕਾਂ ਦਾ ਜਲੂਸ ਅਗੇ ਵਧਦਾ ਗਿਆ। ਅੰਗਰੇਜ਼ਾਂ ਨੇ ਜਥੇ 'ਤੇ ਗੋਲੀਆਂ ਦਾ ਮੀਂਹ ਵਰਾ ਦਿੱਤਾ। ਲੋਕ ਧਰਤੀ 'ਤੇ ਡਿੱਗਣੇ ਸ਼ੁਰੂ ਹੋ ਗਏ। ਜਿਹੜੇ ਗੋਲੀਆਂ ਦੀ ਮਾਰ ਤੋਂ ਬਚੇ ਸਨ, ਉਹ ਪਹਿਲਾਂ ਦੀ ਤਰ੍ਹਾਂ ਹੀ ਹੌਲੀ-ਹੌਲੀ ਅੱਗੇ ਵੱਧਦੇ ਗਏ। ਅੰਗਰੇਜ਼ ਹਾਕਮਾਂ ਦੇ ਇਸ ਜ਼ੁਲਮ ਨਾਲ ਸਰਕਾਰੀ ਅੰਕੜਿਆਂ ਮੁਤਾਬਕ 14 ਸਿੱਖ ਮਰ ਗਏ ਤੇ 34 ਜ਼ਖਮੀ ਹੋਏ, ਪਰ ਸਿਵਲ ਐਂਡ ਮਿਲਟਰੀ ਗਜਟ ਅਨੁਸਾਰ 18 ਸਿੱਖ ਸ਼ਹੀਦ ਤੇ 60 ਜ਼ਖਮੀ ਹੋਏ ਸਨ। ਗੁਰਦੁਆਰਾ ਕਮੇਟੀ ਦੇ ਅਨੁਸਾਰ 90 ਤੋਂ ਵਧੇਰੇ ਸਿੱਖ ਸ਼ਹੀਦ ਹੋਏ ਤੇ 300 ਤੋਂ ਉੱਪਰ ਜ਼ਖਮੀ ਸਨ।

**# ਸੀ ਪੀ ਆਈ ਕੌਮੀ ਕੌਂਸਲ ਮੈਂਬਰ,**
**ਹੈੱਡ ਆਫਿਸ, ਦੇਸ਼ ਭਗਤ ਯਾਦਗਾਰ ਹਾਲ,**
**ਜਲੰਧਰ, 98760-78731**

**ਅੰਤਮ ਅਰਦਾਸ 'ਤੇ ਵਿਸ਼ੇਸ਼**

# ਪੰਜਾਬੀ ਸਾਹਿਤ ਦਾ ਸਰਪੰਚ-ਸੁਖਜੀਤ

**ਸੰਜੀਵਨ ਸਿੰਘ**



ਬਾਹਠ ਸਾਲ ਪਹਿਲਾਂ 1961 ਵਿਚ ਮਾਛੀਵਾੜਾ ਸਾਹਿਬ ਨੇੜੇ ਪਿੰਡ ਮਾਣੇਵਾਲ ਵਿਖੇ ਬੇਹੱਦ ਪੱਛੜੇ, ਮਾਰੂ ਅਤੇ ਬੰਜਰ ਇਲਾਕੇ ਵਿਚ ਅਣਜੋੜ ਮਾਂ-ਪਿਓ ਦੇ ਘਰ ਪੈਦਾ ਹੋਇਆ ਸੁਖਜੀਤ ਆਪਣੇ ਮਾਂ-ਬਾਪ ਦੇ ਕੁਰਖ਼ਤ ਵਤੀਰੇ ਅਤੇ ਕੁੱਟ-ਮਾਰ ਕਾਰਨ ਕੋਮਲ ਵੀ ਹੋਇਆ ਤੇ ਕਠੋਰ ਵੀ। ਸੁਖਜੀਤ ਦੀ ਮਾਂ ਸੋਲਾਂ ਸਾਲ ਦੀ ਸੀ ਜਦ ਭੈਣੀ ਸਾਹਿਬ ਵਿਖੇ ਉਨ੍ਹਾਂ ਦਾ ਵਿਆਹ ਉਸ ਤੋਂ ਦੁਗਣੀ ਉਮਰ ਦੇ ਸੁਖਜੀਤ ਦੇ ਪਿਤਾ ਨਾਲ ਹੋ ਗਿਆ। ਮਾਂ ਕੱਟੜ ਨਾਮਧਾਰੀ ਸੀ, ਜਿਸ ਦੀ ਡੇਰੇ ਲਈ ਅੰਨ੍ਹੀ ਸ਼ਰਧਾ ਸੀ ਡੇਰੇ ਲਈ ਉਹ ਆਪਣਾ ਸਭ ਕੁਝ ਕੁਰਬਾਨ ਕਰ ਸਕਦੀ ਸੀ। ਆਪਣਾ ਘਰ, ਆਪਣਾ ਪ੍ਰੀਵਾਰ, ਆਪਣੀ ਜ਼ਮੀਨ-ਜਾਇਦਾਦ, ਆਪਣੀ ਔਲਾਦ, ਇੱਥੋਂ ਤੱਕ ਕਿ ਆਪਣੀ ਜਾਨ ਵੀ।ਮਾਂ ਦੀ ਇਸ ਅੰਨ੍ਹੀ ਸ਼ਰਧਾ ਨੇ ਸੁਖਜੀਤ ਨੂੰ ਤੰਗ ਵੀ ਕੀਤਾ ਤੇ ਬੇਚੈਨ ਵੀ।ਮਾਂ ਦਾ ਪਿਆਰ ਨਾਲ ਗਲਵਕੜੀ ਵਿਚ ਲੈਣਾ, ਲਾਡ-ਲਡਾਉਣਾ ਉਸ ਨੂੰ ਯਾਦ ਨਹੀਂ ਸੀ।

ਮਾਂ ਦੇ ਰੁੱਖੇ ਅਤੇ ਕੁਰਖ਼ਤ ਵਤੀਰੇ ਨੇ ਸੁਖਜੀਤ ਦੀ ਮਾਂ ਪ੍ਰਤੀ ਭਗਵਾਨ ਜਾਂ ਭਗਵਾਨ ਤੋਂ ਵੀ ਉਪਰ ਆਮ ਪ੍ਰਚੱਲਿਤ ਧਾਰਨਾ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਉਸ ਦੀ ਇਹ ਧਰਾਨਾ ਬਣ ਗਈ ਸੀ ਕਿ ਮਾਵਾਂ ਹਮੇਸ਼ਾ ਚੰਗੀਆਂ ਹੀ ਨਹੀਂ ਹੁੰਦੀਆਂ।

ਪਿਤਾ ਵੱਲੋਂ ਘਰੇ ਰੱਖੇ ਹੋਏ ਰਾਮਾਇਣ, ਮਹਾਂਭਾਰਤ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਟੀਕਿਆਂ ਰਾਹੀਂ ਸੈਂਚੀਆਂ ਉਸ ਨੇ ਤੀਜੀ/ਚੌਥੀ ਜਮਾਤ ਵਿਚ ਹੀ ਪੜ੍ਹਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਹਿਲੀ ਸਾਹਿਤਕ ਕਿਤਾਬ ਪੰਜਵੀਂ ਜਮਾਤ ਵਿਚ 'ਹੀਰ ਵਰਿਸ ਸ਼ਾਹ' ਸੁਖਜੀਤ ਨੇ ਖਰੀਦ ਕੇ ਪੜ੍ਹੀ। ਇਸ਼ਕੀਆ ਕਿਤਾਬ ਹੋਣ ਕਾਰਕੇ ਦੁਕਾਨਦਾਰ ਦੀਆਂ ਉਸ ਨੂੰ ਟਿੱਚਰਾਂ ਅਤੇ ਮਜ਼ਾਕ ਵੀ ਸਹਿਣਾ ਪਿਆ।

ਅਫ਼ੀਮ ਸੁਖਜੀਤ ਨੂੰ ਸੱਤ ਸਾਲ ਦੀ ਉਮਰੇ ਉਸ ਦੇ ਪਿਤਾ ਨੇ ਖੁਆਈ, ਤਾਂ ਜੋ ਉਹ ਜੇਠ-ਹਾੜ ਦੀ ਪਿੰਡਾ ਲੂੰਹਦੀ ਗਰਮੀ ਵਿਚ ਕਣਕ ਦੀ ਵਾਢੀ ਦਾ ਵੜਾਂਗਾ ਕਰ ਸਕੇ। ਸੁਖਜੀਤ ਅਫ਼ੀਮ ਪ੍ਰਸ਼ਾਦ ਸਮਝ ਕੇ ਖਾਂਦਾ ਵੀ ਤੇ ਖੁਆਉਂਦਾ ਵੀ।ਖ਼ਰੀ ਅਫ਼ੀਮ ਨਾ ਮਿਲਣ ਕਾਰਕੇ ਉਸ ਨੇ ਬਾਰਾਂ-ਤੇਰਾਂ ਸਾਲ ਪਹਿਲਾਂ ਅਫ਼ੀਮ ਖਾਣੀ ਛੱਡ ਦਿੱਤੀ ਸੀ।

ਸੁਖਜੀਤ ਨੇ ਕਲਮ ਵੀ ਰੱਜ ਕੇ ਵਾਹੀ, ਬਦਮਾਸ਼ੀ ਵੀ ਰੱਜ ਕੇ ਕੀਤੀ ਤੇ ਅਯਾਸ਼ੀ ਵੀ ਰੱਜ ਕੇ ਹੀ ਕੀਤੀ। ਉਸ ਨੂੰ ਸ਼ਬਦ ਦੀ ਸ਼ਕਤੀ ਦਾ ਗਿਆਨ ਰਾਮਾਇਣ, ਮਹਾਂਭਾਰਤ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੋਇਆ। ਤਣਾਅ ਤੇ ਨਿਰਾਸ਼ਾ ਨਾ ਤਾਂ ਉਸ ਦੀ ਜ਼ਿੰਦਗੀ ਵਿਚ ਸੀ ਤੇ ਨਾ ਹੀ ਉਸ ਦੇ ਸਾਹਿਤ ਵਿਚ। ਸੁਖਜੀਤ ਅਕਸਰ ਕਹਿੰਦਾ ਹੁੰਦਾ, 'ਲੇਖਕ ਗਲਤ-ਠੀਕ ਤਾਂ ਹੋ ਸਕਦੇ ਪਰ ਬੇਈਮਾਨ ਨ੍ਹੀਂ ਹੋਣਾ ਚਾਹੀਦਾ।' ਉਹ ਕਹਿੰਦਾ, 'ਲੇਖਕ ਹੋ ਕੇ ਉਸ ਨੇ ਪਿਆਰ ਤੇ ਮੁਹੱਬਤ ਦੇ ਮਾਇਨੇ ਜਾਣੇ। ਸੰਵੇਦਨਸ਼ੀਲ ਇਨਸਾਨ ਹੀ ਲੇਖਕ ਹੋ ਸਕਦਾ ਐ। ਮੇਰੀ ਕਹਾਣੀਆਂ ਵਿਚ ਮੈਂ ਗ਼ੈਰ ਹਾਜ਼ਿਰ ਹੁੰਦਾ ਹਾਂ। ਮੈਂ ਸੁਖਜੀਤ ਸਿਰਫ ਲਿਖਣ ਵੇਲੇ ਹੁੰਦਾ ਹਾਂ, ਮੈਂ ਹਮੇਸ਼ਾਂ ਸਕਾਰਾਤਮਿਕ ਲਿਖਦਾ ਹਾਂ।' ਸੁਖਜੀਤ ਅਕਸਰ ਕਿਹਾ ਕਰਦਾ, 'ਕਿਸੇ ਕਿਤਾਬ ਦੇ ਵਰਕੇ ਐਮੇ ਈ ਨ੍ਹੀਂ ਮੁੜਦੇ, ਲੇਖਕ ਦੀ ਕਿਤਾਬ ਦੇ ਵਰਕੇ ਪਾਠਕ ਜਿੱਥੋਂ-ਜਿੱਥੋਂ ਮੋੜਦਾ ਐ, ਲੇਖਕ ਦੀ ਜ਼ਿੰਦਗੀ ਦੇ ਵਰਕੇ ਉੱਥੋਂ-ਉੱਥੋਂ ਮੁੜੇ ਹੋਏ ਹੁੰਦੇ ਨੇ।'

ਸੁਖਜੀਤ ਕਹਿੰਦਾ, "ਪਤਾ ਹੋਣ ਦੇ ਬਾਵਜੂਦ ਕਿ ਜਿਹੜਾ ਕੰਮ ਮੈਂ ਕਰਨ ਜਾ ਰਿਹਾਂ, ਉਹ ਅਣ-ਮਨੁਖੀ ਐ, ਗ਼ੈਰ-ਇਖ਼ਲਾਕੀ ਐ, ਸ਼ਰੇਆਮ ਧੱਕਾ ਐ। ਫੇਰ ਵੀ ਮੈਂ ਕੀਤਾ। ਮੈਂ ਕਬਜ਼ੇ ਕੀਤੇ ਵੀ, ਛੁਡਵਾਏ ਵੀ। ਪਰ ਕਬਜ਼ੇ ਦਾ ਅਸੂਲ ਹੁੰਦਾ ਐ, ਬੰਦਾ ਨ੍ਹੀਂ ਮਰਨਾ ਚਾਹੀਦਾ। ਜੇ ਬੰਦਾ ਮਰ ਗਿਆ, ਮਿਸ਼ਨ ਫੇਲ੍ਹ।"

ਇਕ ਕਬਜ਼ੇ ਦੌਰਾਨ ਪੰਜ-ਛੇ ਸਾਲ ਦੀ ਬੱਚੀ ਨੇ ਆਪਣੇ ਬਲੂੰਗੜੇ ਨੂੰ ਬਚਾਉਣ ਲਈ ਆਪਣੀ ਜਾਨ ਤੱਕ ਦੀ ਪ੍ਰਵਾਹ ਨਾ ਕਰਨ ਕਰਨ ਦੀ ਘਟਨਾ ਨੇ ਸੁਖਜੀਤ ਦੀ ਆਤਮਾ ਨੂੰ ਝੰਜੋੜਿਆ ਵੀ, ਫਿਟ-ਲਾਹਨਤਾਂ ਵੀ ਪਾਈਆਂ। ਸੁਖਜੀਤ ਸਾਰਾ ਕੁੱਝ ਛੱਡ-ਛੱਡਾ ਕੇ ਕੀਤੇ ਪਾਪ ਤੇ ਕੁਕਰਮਾਂ ਦਾ ਪਸ਼ਚਾਤਾਪ ਕਰਨ, ਮੁਕਤੀ ਲਈ ਗੰਗਾ ਜੀ ਚੱਲਾ ਗਿਆ। ਉਸਨੇ ਸੁਣਿਆ ਸੀ ਗੰਗਾ ਮਈਆ ਪਾਪ ਧੋਅ ਦਿੰਦੀ ਹੈ। ਸੁਖਜੀਤ ਸੁਆਮੀ ਬਣ ਗਿਆ, ਸੁਆਮੀ ਸੂਰਿਯਾ ਪ੍ਰਤਾਪ, ਉਸ ਨੇ ਨੂਰਪੁਰ ਬੇਦੀ ਆਪਣਾ ਡੇਰਾ ਬਣਾ ਲਿਆ।

ਸਾਹਿਤ ਦਾ ਸਮਾਜਿਕ ਤਬਦੀਲੀ ਵਿਚ ਅਸਰ ਨਾ ਪਾਉਣ ਦਾ ਕਾਰਨ ਸੁਖਜੀਤ ਸਮਰਪਿਤ ਲੇਖਕਾਂ ਦੀ ਘਾਟ ਮੰਨਦਾ ਹੈ। ਉਹ ਕਹਿੰਦਾ ਹੈ, 'ਅਸੀਂ ਲੇਖਕ ਆਪਣੇ ਨਿੱਜੀ ਹਿੱਤਾਂ, ਮੁਫਾਦਾਂ ਅਤੇ ਲਾਲਸਾਵਾਂ ਵਿਚ ਉਲਝ ਕੇ ਕਲਮ ਦੀ ਉੱਚਤਾ ਤੇ ਸੁੱਚਤਾ ਕਾਇਮ ਨਹੀਂ ਰੱਖ ਸਕੇ।'

ਸੁਖਜੀਤ ਨੇ 'ਮੈਂ ਅਯਨਘੋਸ਼ ਨਹੀਂ','ਮੈਂ ਜੈਸਾ ਹੂੰ ਮੈਂ ਵੈਸਾ ਕਿਉਂ ਹੂੰ...','ਹੁਣ ਮੈਂ ਇੰਜੁਆਏ ਕਰਦੀ ਆਂ', 'ਅੰਤਰਾ' ਅਤੇ 'ਰੰਗਾਂ ਦਾ ਮਨੋਵਿਗਿਆਨ' ਵਰਗੀਆਂ ਜ਼ਿਕਰਯੋਗ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਸ ਦੇ ਕਹਾਣੀ ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ' ਨੂੰ ਸਾਲ 2022 ਲਈ ਵੱਕਾਰੀ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ।

ਸੁਖਜੀਤ ਨੇ ਕਲਮ ਦੇ ਜ਼ਰੀਏ ਬੇਬਾਕੀ ਅਤੇ ਦਲੇਰੀ ਨਾਲ ਡੇਰਾਵਾਦ ਅਤੇ ਸਮਾਜ ਦੇ ਘਿਨੌਣੇ ਚਿਹਰੇ ਦਾ ਕਲਾਮਈ ਤਰੀਕੇ ਨਾਲ ਪਰਦਾ ਫਾਸ਼ ਵੀ ਕੀਤਾ, ਇਨਸਾਨੀ ਰਿਸ਼ਤਿਆਂ ਦੀਆਂ ਪ੍ਰਚੱਲਿਤ ਧਾਰਨਾਵਾਂ ਨੂੰ ਰੱਦ ਕਰਕੇ ਨਵੇਂ ਸਿਰਿਓਂ ਪ੍ਰਭਾਸ਼ਿਤ ਵੀ ਕੀਤਾ। ਉਸ 'ਤੇ ਪਰਿਵਾਰਕ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਅਤੇ ਅਸ਼ਲੀਲ ਲੇਖਕ ਹੋਣ ਦੇ ਇਲਜ਼ਾਮ ਵੀ ਲੱਗੇ। ਜਿਵੇਂ ਅਰਜਨ ਵੈਲੀ ਨੇ ਪੈਰ ਜੋੜ ਕੇ ਗੰਡਾਸੀ ਮਾਰੀ ਸੀ। ਸੁਖਜੀਤ ਨੇ ਵੀ ਪੈਰ ਜੋੜ ਕੇ ਕਲਮ ਵਾਹੀ।

ਸੁਖਜੀਤ ਅਕਸਰ ਕਹਿੰਦਾ, 'ਮੈਂ ਤਾਂ ਹਾਲੇ ਸਾਹਿਤ ਦੇ ਬੋਹੀਏ 'ਚੋਂ ਪੂਣੀ ਵੀ ਨ੍ਹੀਂ ਕੱਤੀ। ਹਾਲੇ ਤਾਂ ਮੈਂ ਬਹੁਤ ਕੰਮ ਕਰਨਾ ਐ।' ਉਸ ਦੀਆਂ ਭਵਿੱਖ ਵਿਚ ਕਰਨ ਵਾਲੇ ਸਾਹਿਤਕ ਕਾਰਜਾਂ ਵਿਚ ਡੇਰਾਵਾਦ ਅਤੇ ਅੱਤਵਾਦ ਬਾਰੇ ਕਿਤਾਬਾਂ ਲਿਖਣ ਤੋਂ ਇਲਾਵਾ ਸਤਿਗੁਰੂ ਜਗਜੀਤ ਸਿੰਘ ਬਾਰੇ ਕਿਤਾਬ ਲਿਖਣਾ ਵੀ ਸੀ, ਜਿਸ ਵਿਚ ਸੁਖਜੀਤ ਨੇ ਸਤਿਗੁਰੂ ਜਗਜੀਤ ਸਿੰਘ ਦੇ ਸ਼ਖ਼ਸ ਤੋਂ ਸ਼ਖ਼ਸੀਅਤ ਬਣਨ ਬਾਰੇ ਗੱਲ ਕਰਨੀ ਸੀ। ਸੁਖਜੀਤ ਕੇਵਲ ਭੈਣੀ ਸਾਹਿਬ ਦਾ ਸਰਪੰਚ ਹੀ ਨ੍ਹੀਂ ਰਿਹਾ, ਉਹ ਸਾਹਿਤ ਦਾ ਵੀ ਸਰਪੰਚ ਸੀ। ਸਾਹਿਤ ਦੇ ਸਰਪੰਚ ਸੁਖਜੀਤ ਦੀ ਅੰਤਮ ਅਰਦਾਸ 21 ਫਰਵਰੀ (ਬੁੱਧਵਾਰ) ਨੂੰ ਗੁਰਦੁਆਰਾ ਚਰਨ ਕੰਵਲ ਸਾਹਿਬ, ਮਾਛੀਵਾੜਾ ਸਾਹਿਬ ਵਿਖੇ ਦੁਪਹਿਰ 12 ਵਜੇ ਹੋਵੇਗੀ।

**# ਸੰਪਰਕ : 94714-60656**




**ਕੌਮਾਂਤਰੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼**

# ਆਓ ! ਖ਼ੁਦ ਤੋਂ ਕਰੀਏ ਪੰਜਾਬੀ ਭਾਸ਼ਾ ਦੇ ਸਤਿਕਾਰ ਦੀ ਸ਼ੁਰੂਆਤ

**ਬਿੰਦਰ ਸਿੰਘ ਖੁੱਡੀ ਕਲਾਂ**

ਇਨਸਾਨ ਦੀ ਜਨਮ ਦਾਤੀ ਵੱਲੋਂ ਬੋਲੀ ਜਾਣ ਵਾਲੀ ਬੋਲੀ ਨੂੰ ਉਸ ਦੀ ਮਾਂ ਬੋਲੀ ਕਿਹਾ ਜਾਂਦਾ ਹੈ। ਵਿਸ਼ਵ ਦੇ ਹਰ ਵਿਅਕਤੀ ਨੂੰ ਆਪਣੀ ਮਾਂ ਬੋਲੀ 'ਤੇ ਗੌਰਵ ਹੁੰਦਾ ਹੈ। ਇਹ ਗੌਰਵ ਹੀ ਬੋਲੀਆਂ ਅਤੇ ਭਾਸ਼ਾਵਾਂ ਦੀ ਹੋਂਦ ਦੀ ਬੁਨਿਆਦ ਹੈ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦਾ ਇਤਿਹਾਸ ਬੜਾ ਹੀ ਗੌਰਵਮਈ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਤਰਕਸੰਗਤ ਤਰਤੀਬ ਦੇ ਕੇ ਕੌਮਾਂਤਰੀ ਪੱਧਰ ਦੀਆਂ ਲਿੱਪੀਆਂ ਵਿੱਚ ਖੜਾ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੀ ਗੁਰਮੁਖੀ ਲਿੱਪੀ ਵਿੱਚ ਕੀਤੀ।

ਮਾਂ ਬੋਲੀ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਅਤੇ ਚੁਣੌਤੀਆਂ ਤੋਂ ਪਾਰ ਇਸ ਦੀ ਹੋਂਦ ਬਾਰੇ ਤੌਖਲੇ ਪਿਛਲੇ ਕਈ ਵਰ੍ਹਿਆਂ ਤੋਂ ਚਰਚਾ 'ਚ ਹਨ। ਪੰਜਾਬ 'ਚ ਮਾਂ ਬੋਲੀ ਪੰਜਾਬੀ ਪ੍ਰਤੀ ਅਪਣਾਏ ਜਾ ਰਹੇ ਰਵੱਈਏ ਦੇ ਚੱਲਦਿਆਂ ਚੁਣੌਤੀਆਂ ਅਤੇ ਇਸ ਦੇ ਭਵਿੱਖ ਬਾਰੇ ਪ੍ਰਗਟਾਏ ਜਾ ਰਹੇ ਤੌਖਲੇ ਸੱਚ, ਸਹੀ ਅਤੇ ਤਰਕਮਈ ਜਾਪਦੇ ਹਨ। ਇਹਨੀਂ ਦਿਨੀਂ ਪੰਜਾਬ ਵਿੱਚ ਹੀ ਪੰਜਾਬੀ ਭਾਸ਼ਾ ਨਾਲ ਕੀਤਾ ਜਾ ਰਿਹਾ ਮਤਰੇਈ ਮਾਂ ਵਾਲਾ ਸਲੂਕ ਸੱਚਮੁੱਚ ਹੀ ਰੌਂਗਟੇ ਖੜੇ ਕਰਨ ਵਾਲਾ ਹੈ। ਇਸ ਤਰ੍ਹਾਂ ਦਾ ਸਲੂਕ ਵਿਸ਼ਵ ਦੀ ਸ਼ਾਇਦ ਕਿਸੇ ਵੀ ਹੋਰ ਭਾਸ਼ਾ ਨਾਲ ਨਹੀਂ ਕੀਤਾ ਜਾ ਰਿਹਾ ਹੋਵੇਗਾ ਅਤੇ ਨਾ ਹੀ ਕੋਈ ਸਮਾਜ ਅਜਿਹਾ ਸਲੂਕ ਬਰਦਾਸ਼ਤ ਕਰੇਗਾ। ਪੰਜਾਬ ਵਿੱਚ ਅੰਗਰੇਜ਼ੀ ਦੀ ਝੁੱਲੀ ਹਨੇਰੀ ਪੰਜਾਬੀਆਂ ਨੂੰ ਉਹਨਾਂ ਦੀ ਆਪਣੀ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਨ ਦਾ ਸਬੱਬ ਬਣ ਰਹੀ ਹੈ। ਮਾਪੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਬੋਲਦਿਆਂ ਵੇਖ ਖੁਸ਼ ਹੋ ਰਹੇ ਹਨ। ਪੰਜਾਬ ਵਿੱਚ ਪੜ੍ਹੇ-ਲਿਖੇ ਹੋਣ ਦਾ ਮਤਲਬ ਅੰਗਰੇਜ਼ੀ ਬੋਲਣ ਦੀ ਸਮਰੱਥਾ ਹੀ ਬਣ ਕੇ ਰਹਿ ਗਿਆ ਹੈ। ਮਾਪੇ ਆਪਣੇ ਬੱਚਿਆਂ ਲਈ ਸਕੂਲ ਦੀ ਚੋਣ ਕਰਨ ਸਮੇਂ ਉਸ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਸਿਖਾਈ ਜਾਂਦੀ ਮੁਹਾਰਤ ਨੂੰ ਹੀ ਆਧਾਰ ਬਣਾਉਣ ਲੱਗੇ ਹਨ। ਸਕੂਲ ਵੀ ਮਾਪਿਆਂ ਨੂੰ ਆਕਰਸ਼ਿਤ ਕਰਨ ਲਈ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ 'ਚ ਮੁਹਾਰਤ ਦਾ ਹੀ ਪ੍ਰਦਰਸ਼ਨ ਕਰਦੇ ਹਨ। ਮਾਪਿਆਂ ਦੀ ਅੰਗਰੇਜ਼ੀ ਭਾਸ਼ਾ ਪ੍ਰਤੀ ਬਣੀ ਇਸ ਖਿੱਚ ਨੇ ਬਹੁਤ ਸਾਰੇ ਨਿੱਜੀ ਸਕੂਲਾਂ ਦੇ ਹੌਸਲੇ ਇੰਨੇ ਬੁਲੰਦ ਕਰ ਦਿੱਤੇ ਹਨ ਕਿ ਉਹਨਾਂ ਵੱਲੋਂ ਵਿਦਿਆਰਥੀਆਂ ਦੇ ਪੰਜਾਬੀ ਬੋਲਣ 'ਤੇ ਪਾਬੰਦੀਆਂ ਲਗਾਈਆਂ ਜਾਣ ਲੱਗੀਆਂ ਹਨ। ਬਹੁਤ ਸਾਰੇ ਸਕੂਲਾਂ ਵੱਲੋਂ ਵਿਦਿਆਰਥੀਆਂ ਦੇ ਪੰਜਾਬੀ ਬੋਲਣ 'ਤੇ ਜੁਰਮਾਨਾ ਲਗਾਏ ਜਾਣ ਦੀਆਂ ਵੀ ਖਬਰਾਂ ਹਨ। ਜਿਸ ਬੋਲੀ 'ਤੇ ਉਸ ਦੇ ਆਪਣੇ ਹੀ ਖੇਤਰ ਵਿੱਚ ਬੋਲਣ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹੋਣ, ਉਸ ਬੋਲੀ ਦੇ ਸੁਹਿਰਦ ਵਾਰਿਸਾਂ ਦਾ ਉਸ ਦੇ ਭਵਿੱਖ ਬਾਰੇ ਚਿੰਤਤ ਹੋਣਾ ਜਾਇਜ਼ ਵੀ ਹੈ ਅਤੇ ਜ਼ਰੂਰਤ ਵੀ।

ਮਰਦਮਸ਼ੁਮਾਰੀ ਦੇ ਆਧਾਰ 'ਤੇ ਭਾਰਤ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦੇ ਸਾਹਮਣੇ ਆਏ ਅੰਕੜੇ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਖਤਰੇ ਬਾਰੇ ਸਮਝਣ ਲਈ ਕਾਫੀ ਹਨ। ਸਾਲ 1971 ਦੀ ਮਰਦਮਸ਼ੁਮਾਰੀ ਦੌਰਾਨ ਭਾਰਤ ਦੀ ਕੁੱਲ ਆਬਾਦੀ ਦਾ 2.57 ਫੀਸਦੀ ਲੋਕ ਪੰਜਾਬੀ ਬੋਲਦੇ ਸਨ, ਜਦਕਿ 1981 ਦੀ ਮਰਦਮਸ਼ੁਮਾਰੀ ਦੌਰਾਨ ਇਹ ਫੀਸਦੀ ਵਧ ਕੇ 2.95 ਫੀਸਦੀ ਹੋ ਗਈ। ਸਾਲ 1991 ਦੀ ਮਰਦਮਸ਼ੁਮਾਰੀ ਦੌਰਾਨ ਇਹ ਗਿਣਤੀ ਘਟ ਕੇ 2.79 ਫੀਸਦੀ ਰਹਿ ਗਈ, ਜਦਕਿ 2001 ਦੀ ਮਰਦਮਸ਼ੁਮਾਰੀ ਦੌਰਾਨ ਇਹ ਗਿਣਤੀ ਮੁੜ ਤੋਂ ਵਧ ਕੇ 2.83 ਫੀਸਦੀ ਹੋ ਗਈ, ਪਰ 2011 ਦੀ ਮਰਦਮਸ਼ੁਮਾਰੀ ਦੌਰਾਨ ਇਹ ਗਿਣਤੀ ਦੁਬਾਰਾ ਘਟ ਕੇ 2.73 ਫੀਸਦੀ ਰਹਿ ਗਈ, ਜੋ ਕਿ ਲੱਗਭੱਗ 1991 ਦੀ ਮਰਦਮਸ਼ੁਮਾਰੀ ਦੇ ਬਰਾਬਰ ਹੈ। ਮੁਲਕ ਦੀ ਆਬਾਦੀ ਦੇ ਵਾਧੇ ਦੇ ਹਿਸਾਬ ਨਾਲ ਪੰਜਾਬੀ ਬੋਲਣ ਦੀ ਗਿਣਤੀ ਵਿੱਚ ਇਜ਼ਾਫਾ ਹੋਣਾ ਤਾਂ ਦੂਰ ਦੀ ਗੱਲ, ਬਲਕਿ ਇਹ ਗਿਣਤੀ ਤਾਂ ਘਟਦੀ ਜਾ ਰਹੀ ਹੈ।

ਸਵਾਲ ਇਹ ਵੀ ਹੈ ਕਿ ਕੀ ਇਹਨਾਂ ਅੰਕੜਿਆਂ ਅਨੁਸਾਰ ਮੁਲਕ ਵਿੱਚ ਪੰਜਾਬੀ ਬੋਲਣ ਦੀ ਗਿਣਤੀ ਸੱਚਮੁੱਚ ਹੀ ਘਟ ਰਹੀ ਹੈ। ਹਕੀਕਤ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਘਟ ਨਹੀਂ ਰਹੀ, ਸਗੋਂ ਪੰਜਾਬੀ ਦੇ ਮਾਂ ਬੋਲੀ ਹੋਣ 'ਤੇ ਗੌਰਵ ਕਰਨ ਵਾਲਿਆਂ ਦੀ ਗਿਣਤੀ ਘਟ ਰਹੀ ਹੈ। ਮਰਦਮਸ਼ੁਮਾਰੀ ਦੌਰਾਨ ਬਹੁਤ ਸਾਰੇ ਪੰਜਾਬੀ ਬੋਲਦੇ ਪਰਵਾਰਾਂ ਖਾਸ ਕਰਕੇ ਸ਼ਹਿਰੀ ਪਰਵਾਰਾਂ ਵੱਲੋਂ ਪੰਜਾਬੀ ਨੂੰ ਮਾਂ ਬੋਲੀ ਕਹਿਣ ਤੋਂ ਹੀਣਤਾ ਮਹਿਸੂਸ ਕਰਦਿਆਂ ਆਪਣੀ ਮਾਂ ਬੋਲੀ ਪੰਜਾਬੀ ਦੀ ਬਜਾਏ ਹਿੰਦੀ ਜਾਂ ਕੋਈ ਹੋਰ ਲਿਖਾਈ ਜਾਂਦੀ ਹੈ। ਕਈ ਪਰਵਾਰਾਂ ਵੱਲੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨੂੰ ਧਾਰਮਿਕ ਆਧਾਰ 'ਤੇ ਵੀ ਵੇਖਿਆ ਜਾਂਦਾ ਹੈ। ਬਹੁਤ ਸਾਰੇ ਪਰਵਾਰਾਂ ਵੱਲੋਂ ਪੰਜਾਬੀ ਬੋਲਣ ਦੇ ਬਾਵਜੂਦ ਧਰਮ ਦੇ ਆਧਾਰ 'ਤੇ ਮਾਂ ਬੋਲੀ ਹਿੰਦੀ ਲਿਖਵਾਈ ਜਾਂਦੀ ਹੈ।

ਸਾਡੇ ਆਪਣੇ ਮੁਲਕ ਅਤੇ ਸੂਬੇ ਵਿੱਚ ਪੰਜਾਬੀ ਭਾਸ਼ਾ ਦੀ ਡਾਵਾਂਡੋਲ ਸਥਿਤੀ ਦੌਰਾਨ ਹੀ ਕੌਮਾਂਤਰੀ ਪੱਧਰ 'ਤੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦਾ ਝੰਡਾ ਬੁਲੰਦ ਹੋ ਰਿਹਾ ਹੈ। ਪੰਜਾਬੀਆਂ ਦਾ ਪ੍ਰਵਾਸ ਪੰਜਾਬੀ ਭਾਸ਼ਾ ਦੀ ਕੌਮਾਂਤਰੀ ਪਹਿਚਾਣ ਦਾ ਸਬੱਬ ਬਣ ਰਿਹਾ ਹੈ। ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ, ਇੰਗਲੈਂਡ ਅਤੇ ਤਮਾਮ ਹੋਰ ਮੁਲਕਾਂ ਵਿੱਚ ਗੁਰਮੁਖੀ ਲਿੱਪੀ ਪੰਜਾਬੀ ਦੇ ਗੌਰਵ ਵਿੱਚ ਇਜ਼ਾਫਾ ਹੋ ਰਿਹਾ ਹੈ। ਕੈਨੇਡਾ ਸਮੇਤ ਕਈ ਹੋਰ ਮੁਲਕਾਂ ਵੱਲੋਂ ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਨੂੰ ਦੂਜਾ ਅਤੇ ਤੀਜਾ ਦਰਜਾ ਦਿੱਤਾ ਜਾ ਰਿਹਾ ਹੈ। ਇਹਨਾਂ ਮੁਲਕਾਂ ਵਿੱਚ ਦਿਸ਼ਾ ਸੂਚਕ ਬੋਰਡ ਗੁਰਮੁਖੀ ਲਿੱਪੀ ਪੰਜਾਬੀ ਵਿੱਚ ਲਗਾਏ ਜਾ ਰਹੇ ਹਨ।

ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਦਰਪੇਸ਼ ਖਤਰੇ ਨੂੰ ਸਮਝਣ ਲਈ ਸੂਬਾਈ, ਕੌਮੀ ਅਤੇ ਕੌਮਾਂਤਰੀ ਪਰਿਪੇਖ 'ਚ ਗੱਲ ਕਰਨੀ ਪਵੇਗੀ। ਵਿਸ਼ਵ-ਵਿਆਪੀ ਅੰਕੜਿਆਂ ਅਨੁਸਾਰ ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਕਿਸੇ ਖਤਰੇ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ, ਜਦਕਿ ਸੂਬਾਈ ਅਤੇ ਕੌਮੀ ਅੰਕੜੇ ਚਿੰਤਾ ਵਿੱਚ ਇਜ਼ਾਫਾ ਕਰਨ ਵਾਲੇ ਹਨ। ਕੌਮੀ ਪੱਧਰ 'ਤੇ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਦਾ ਅੰਕੜਾ ਪਾਣੀ ਵਾਂਗ ਡਾਵਾਂਡੋਲ ਹੈ। ਸਭ ਤੋਂ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਸੂਬਾਈ ਪੱਧਰ 'ਤੇ ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਵਿਰੋਧੀ ਮਾਹੌਲ ਦੀ ਸਿਰਜਣਾ ਨੂੰ ਲਗਾਤਾਰ ਹੱਲਾਸ਼ੇਰੀ ਮਿਲ ਰਹੀ ਹੈ। ਪੰਜਾਬੀ ਭਾਸ਼ਾ ਵਿਰੋਧੀ ਮਾਹੌਲ ਸਿਰਜਿਆ ਜਾ ਰਿਹਾ ਹੈ। ਅਜਿਹੇ ਮਾਹੌਲ ਦੀ ਸਿਰਜਣਾ ਲਈ ਪੰਜਾਬੀਆਂ ਦੀ ਅੰਗਰੇਜ਼ੀ ਭਾਸ਼ਾ ਪ੍ਰਤੀ ਖਿੱਚ ਵਿੱਚ ਹੋ ਰਿਹਾ ਇਜ਼ਾਫਾ ਮੁੱਖ ਕਾਰਨ ਹੈ। ਦੂਜਾ ਮੁੱਖ ਕਾਰਨ ਹੈ ਕਿ ਪੰਜਾਬੀ ਭਾਸ਼ਾ ਪੰਜਾਬੀਆਂ ਲਈ ਰੋਜ਼ਗਾਰ ਦਾ ਸਬੱਬ ਨਹੀਂ ਬਣ ਸਕੀ। ਰੋਜ਼ਗਾਰ ਦਾ ਵਸੀਲਾ ਨਾ ਬਣਨ ਦੇ ਕਾਰਨ 'ਤੇ ਵੀ ਕਿਸੇ ਇਨਸਾਨ ਵੱਲੋਂ ਮਾਂ ਬੋਲੀ ਤੋਂ ਬੇਮੁਖੀ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ। ਰੋਜ਼ਗਾਰ ਪ੍ਰਾਪਤੀ ਲਈ ਕੋਈ ਵੀ ਭਾਸ਼ਾ ਸਿੱਖਣੀ ਪਵੇ ਤਾਂ ਕੋਈ ਹਰਜ਼ ਨਹੀਂ, ਪਰ ਹਰਜ਼ ਤਾਂ ਮਾਂ ਬੋਲੀ ਬੋਲਣ ਪ੍ਰਤੀ ਹੀਣਤਾ ਅਪਣਾਉਣ ਵਿੱਚ ਹੈ।

ਇਸ ਨੂੰ ਮਾਂ ਬੋਲੀ ਪੰਜਾਬੀ ਦੀ ਬਦਕਿਸਮਤੀ ਕਹੋ ਜਾਂ ਕੁਝ ਹੋਰ ਕਿ ਇਸ ਦੇ ਭਵਿੱਖ ਬਾਰੇ ਚਿੰਤਾ ਕਰਨ ਵਾਲੇ ਸੁਹਿਰਦ ਵਾਰਿਸ ਹਾਲੇ ਤੱਕ ਚਿੰਤਾ ਤੋਂ ਚਿੰਤਨ ਵੱਲ ਨਹੀਂ ਵਧ ਸਕੇ। ਮਾਂ ਬੋਲੀ ਪੰਜਾਬੀ ਦੇ ਭਵਿੱਖ ਬਾਰੇ ਚਿੰਤਾ ਕਰਨ ਵਾਲੇ ਲੋਕਾਂ ਦੀਆਂ ਕੋਸ਼ਿਸ਼ਾਂ ਚਿੰਤਾ ਤੋਂ ਅੱਗੇ ਨਹੀਂ ਵਧ ਸਕੀਆਂ ਅਤੇ ਅਸੀਂ ਸਾਰੇ ਇਸ ਗੱਲ ਤੋਂ ਭਲੀਭਾਂਤ ਜਾਣੂ ਹਾਂ ਕਿ ਚਿੰਤਨ ਤੋਂ ਸੱਖਣੀ ਚਿੰਤਾ ਕਿਸੇ ਵੀ ਮੁੱਦੇ ਦਾ ਹੱਲ ਨਹੀਂ ਹੈ। ਮਾਂ ਬੋਲੀ ਪੰਜਾਬੀ ਦੇ ਭਵਿੱਖ ਬਾਰੇ ਚਿੰਤਾ ਕਰਨ ਵਾਲੇ ਬਹੁਤ ਸਾਰੇ ਲੋਕ ਦੂਜਿਆਂ ਨੂੰ ਇਸ ਦਾ ਉਪਦੇਸ਼ ਦੇਣ ਤੱਕ ਸੀਮਿਤ ਹਨ। ਚਿੰਤਾ ਕਰਨ ਵਾਲੀਆਂ ਇਹਨਾਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਦੇ ਘਰਾਂ ਦੀਆਂ ਨਾਮ ਪਲੇਟਾਂ ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਵਿੱਚ ਨਹੀਂ ਹਨ। ਸੋਸ਼ਲ ਮੀਡੀਆ 'ਤੇ ਇਹਨਾਂ ਵਿੱਚੋਂ ਬਹੁਤ ਸਾਰੇ ਅੰਗਰੇਜ਼ੀ ਭਾਸ਼ਾ ਦਾ ਇਸਤੇਮਾਲ ਕਰਦੇ ਆਮ ਵੇਖੇ ਜਾ ਸਕਦੇ ਹਨ।

ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਮਾਂ ਬੋਲੀ ਪੰਜਾਬੀ ਦੇ ਸਤਿਕਾਰ ਦਾ ਮੁੱਦਾ ਕੇਵਲ 'ਤੇ ਕੇਵਲ ਸਰਕਾਰਾਂ 'ਤੇ ਨਾ ਛੱਡੀਏ। ਖੁਦ ਆਪੋ ਆਪਣਾ ਨੈਤਿਕ ਫਰਜ਼ ਸਮਝ ਕੇ ਆਪਣੇ ਘਰਾਂ ਦੀਆਂ ਨਾਮ ਪਲੇਟਾਂ ਤੋਂ ਲੈ ਕੇ ਅਦਾਰਿਆਂ ਦੇ ਬੋਰਡ ਪੰਜਾਬੀ ਵਿਚ ਕਰਦਿਆਂ ਸਮੁੱਚਾ ਕੰਮ ਪੰਜਾਬੀ ਵਿੱਚ ਕਰਨ ਨੂੰ ਤਰਜੀਹ ਦੇਈਏ। ਸਾਨੂੰ ਸਭ ਨੂੰ ਮਾਂ ਬੋਲੀ ਪੰਜਾਬੀ ਦੇ ਮਾਣ ਸਤਿਕਾਰ ਦੀ ਬਹਾਲੀ ਦਾ ਕਾਰਜ ਖੁਦ ਤੋਂ ਸ਼ੁਰੂ ਕਰਨਾ ਪਵੇਗਾ। ਸਾਨੂੰ ਸਮੂਹ ਪੰਜਾਬੀਆਂ ਨੂੰ ਸਮਝਣਾ ਪਵੇਗਾ ਕਿ ਕਿਸੇ ਬੋਲੀ ਦੀ ਹੋਂਦ ਨੂੰ ਖਤਰਾ ਉਸ ਸਮੇਂ ਹੀ ਪੈਦਾ ਹੁੰਦਾ ਹੈ, ਜਦੋਂ ਉਸ ਦੇ ਆਪਣੇ ਉਸ ਨੂੰ ਮਾਂ ਬੋਲੀ ਕਹਿਣ ਤੋਂ ਸ਼ਰਮਾਉਣ ਲੱਗ ਜਾਣ। ਪੰਜਾਬੀ ਬਹੁਤ ਹੀ ਪਿਆਰੀ, ਗੌਰਵਮਈ ਅਤੇ ਤਰਕਮਈ ਲਿੱਪੀ ਗੁਰਮੁਖੀ ਲਿੱਪੀ ਵਾਲੀ ਭਾਸ਼ਾ ਹੈ। ਇਸ ਦੀ ਹੋਂਦ ਨੂੰ ਬਚਾਈ ਰੱਖਣ ਲਈ ਸਾਨੂੰ ਸਭ ਨੂੰ ਗੌਰਵ ਨਾਲ ਇਸ ਨੂੰ ਆਪਣੀ ਮਾਂ ਬੋਲੀ ਕਹਿਣਾ ਸਮੇਂ ਦੀ ਮੁੱਖ ਜ਼ਰੂਰਤ ਹੈ।

**# ਸੰਪਰਕ : 98786-05965**

CMYK

# ਸਾਂਝਾ ਮਜ਼ਦੂਰ ਸੰਘਰਸ਼ ਮੋਰਚਾ ਪੰਜਾਬ ਦੀ ਮੰਗਾਂ ਸੰਬੰਧੀ ਮੀਟਿੰਗ

## ਸਰਕਾਰ ਤੱਕ ਮੰਗਾਂ ਪਹੁੰਚਾਉਣ ਲਈ ਕਿਸਾਨ ਜਥੇਬੰਦੀਆਂ ਨੂੰ ਦਿੱਤਾ ਮੰਗ ਪੱਤਰ



ਬਾਘਾ ਪੁਰਾਣਾ (ਮਨੀ ਸਿੰਗਲਾ)-ਸਾਂਝਾ ਮਜ਼ਦੂਰ ਸੰਘਰਸ਼ ਮੋਰਚਾ ਪੰਜਾਬ ਦੀ ਵੱਲੋਂ ਇਕ ਅਹਿਮ ਮੀਟਿੰਗ ਮੁੱਦਕੀ ਰੋਡ 'ਤੇ ਨੈਸ਼ਨਲ ਕਨਵੀਨਰ ਹਰਜਿੰਦਰ ਸਿੰਘ ਬਾਘਾ ਪੁਰਾਣਾ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਸਮਾਜ ਦੇ ਵੱਖ-ਵੱਖ ਆਗੂਆਂ ਪ੍ਰਗਟ ਸਿੰਘ ਰਾਜਿਆਣਾ, ਨਿਰਮਲ ਸਿੰਘ ਕਲਿਆਣ, ਪ੍ਰਿਥੀ ਸਿੰਘ ਬਾਘਾ ਪੁਰਾਣਾ, ਜਗਸੀਰ ਸਿੰਘ ਜੱਗਾ ਐੱਸ ਸੀ ਵਿੰਗ ਜ਼ਿਲ੍ਹਾ ਪ੍ਰਧਾਨ ਤੇ ਸ਼ਮੂਲੀਅਤ ਕੀਤੀ ਗਈ।ਇਸ ਮੀਟਿੰਗ ਵਿੱਚ ਸਾਂਝਾ ਮਜ਼ਦੂਰ ਸੰਘਰਸ਼ ਮੋਰਚਾ ਵੱਲੋਂ ਕਿਸਾਨ ਜਥੇਬੰਦੀਆਂ ਰਾਹੀਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗੀਆਂ ਜਾਣ ਵਾਲੀਆਂ ਮੰਗਾਂ ਸਬੰਧੀ ਵਿਸ਼ੇਸ਼ ਮੀਟਿੰਗ ਕਰਕੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਗੁਰਤੀਰ ਸਿੰਘ ਚੀਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਜਸਵੀਰ ਸਿੰਘ ਮਾਹਲਾ ਕਲਾਂ ਭਾਰਤੀ ਕਿਸਾਨ ਯੂਨੀਅਨ ਖੋਸਾ, ਮੁਕੰਦ ਕਰਮ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਰਾਹੀਂ ਕੇਂਦਰ ਸਰਕਾਰ ਤੋਂ ਮੰਗੀਆਂ ਜਾਣ ਵਾਲੀਆਂ ਮੰਗਾਂ ਵਿੱਚ ਸ਼ਾਮਲ ਕਰਨ ਲਈ ਮੰਗ ਪੱਤਰ ਵੀ ਦਿੱਤਾ ਗਿਆ।ਇਸ ਤੋਂ ਪਹਿਲਾਂ ਸਾਂਝਾ ਮਜ਼ਦੂਰ ਸੰਘਰਸ਼ ਮੋਰਚਾ ਦੇ ਨਿੱਘੇ ਸੱਦੇ 'ਤੇ ਮੀਟਿੰਗ ਵਿੱਚ ਸ਼ਾਮਲ ਹੋਏ ਭਾਰਤੀ ਕਿਸਾਨ ਯੂਨੀਅਨ ਦੇ ਨੁਮਾਇੰਦਿਆਂ ਦਾ ਬੁੱਕੇ ਦੇ ਕੇ ਸੁਆਗਤ ਕੀਤਾ ਗਿਆ।ਮੰਗ ਪੱਤਰ ਪੜ੍ਹਨ, ਸੁਣਨ ਤੇ ਸਮਝਣ ਉਪਰੰਤ ਉਕਤ ਆਗੂਆਂ ਵੱਲੋਂ ਆਪਣੀਆਂ ਜਥੇਬੰਦੀਆਂ ਦੇ ਮੰਗ ਪੱਤਰ ਵਿੱਚ ਸ਼ਾਮਲ ਕਰਨ ਦਾ ਭਰੋਸਾ ਦਿੱਤਾ ਗਿਆ ਤੇ ਸਮਝਣ ਉਪਰੰਤ ਇਨ੍ਹਾਂ ਮੰਗਾਂ ਦੀ ਲੜਾਈ ਲੜਨ ਵਿੱਚ ਕਿਸਾਨ ਅੰਦੋਲਨ ਦੌਰਾਨ ਅਗਵਾਈ ਕਰਨ ਦੀ ਵਚਨਬੱਧਤਾ ਜਤਾਈ ਗਈ।ਇਸ ਮੌਕੇ ਸਾਂਝਾ ਮਜ਼ਦੂਰ ਸੰਘਰਸ਼ ਮੋਰਚਾ ਦੇ ਆਗੂਆਂ ਵੱਲੋਂ ਕਿਸਾਨ ਆਗੂਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਮੋਰਚੇ ਦੇ ਬੁਲਾਰੇ ਨਿਰਮਲ ਸਿੰਘ ਕਲਿਆਣ ਵੱਲੋਂ ਦਿੱਤੇ ਗਏ ਮੰਗ ਪੱਤਰ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੀਤ ਸਿੰਘ ਪ੍ਰਧਾਨ ਰਿਕਸ਼ਾ ਯੂਨੀਅਨ, ਨੀਲਾ ਸਿੰਘ ਪ੍ਰਧਾਨ ਉਸਾਰੀ ਯੂਨੀਅਨ, ਅਮਰਜੀਤ ਅਮਰਾ, ਸੁਖਮੰਦਰ ਸਿੰਘ ਬਸਪਾ ਆਗੂ, ਗੁਰਚਰਨ ਸਿੰਘ, ਬਾਘਾ ਪੁਰਾਣਾ ਆਦਿ ਹਾਜ਼ਰ ਸਨ।

# ਜਥੇਬੰਦੀਆਂ ਦਾ ਸਾਂਝਾ ਵਫਦ ਜ਼ਿਲ੍ਹਾ ਸਿੱਖਿਆ ਅਧਿਕਾਰੀ ਪ੍ਰਾਇਮਰੀ ਨੂੰ ਮਿਲਿਆ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜ਼ਾ, ਪਰਮਜੀਤ ਸਿੰਘ, ਕੁਲਭੂਸ਼ਨ ਚਾਵਲਾ)-ਪ੍ਰਾਇਮਰੀ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਅਧਿਆਪਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਡੈਮੋਕ੍ਰੇਟਿਕ ਟੀਚਰ ਫਰੰਟ ਤੇ ਗੌਰਮਿੰਟ ਟੀਚਰ ਯੂਨੀਅਨ ਦਾ ਇੱਕ ਸਾਂਝਾ ਵਫਦ ਜ਼ਿਲ੍ਹਾ ਸਿੱਖਿਆ ਅਧਿਕਾਰੀ (ਪ੍ਰਾਇਮਰੀ) ਦੌਲਤ ਰਾਮ ਨੂੰ ਮਿਲਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਤੇ ਗੌਰਮਿੰਟ ਟੀਚਰ ਯੂਨੀਅਨ ਦੇ ਪ੍ਰਧਾਨ ਮਨੋਹਰ ਲਾਲ ਸ਼ਰਮਾ ਨੇ ਦੱਸਿਆ ਕਿ ਵਫਦ ਨੇ ਸਿੱਖਿਆ ਅਧਿਕਾਰੀ ਕੋਲ ਫਲ ਬਲਾਕ ਸਿੱਖਿਆ ਦਫ਼ਤਰਾਂ ਵਿੱਚ ਭੇਜਣ 'ਤੇ ਇਤਰਾਜ਼ ਪ੍ਰਗਟਾਇਆ ਤੇ ਮੰਗ ਕੀਤੀ ਕਿ ਇਹ ਫਲ ਵੀ ਅਨਾਜ ਵਾਂਗ ਸਕੂਲਾਂ ਵਿੱਚ ਸਿੱਧੇ ਤੌਰ 'ਤੇ ਭੇਜਿਆ ਜਾਵੇ।ਉਨ੍ਹਾਂ ਮੰਗ ਕੀਤੀ ਕਿ ਅਗਲੇ ਨਵੇਂ ਸੈਸ਼ਨ ਦੌਰਾਨ ਕਿਤਾਬਾਂ ਸਮੇਂ ਸਿਰ ਸਕੂਲਾਂ ਵਿੱਚ ਪੁੱਜਦੀਆਂ ਕੀਤੀਆਂ ਜਾਣ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ।ਇਸ ਤੋਂ ਇਲਾਵਾ ਵਰਦੀਆਂ ਦੀ ਗਰਾਂਟ ਸਕੂਲਾਂ ਵਿੱਚ ਸਮੇਂ ਸਿਰ ਭੇਜੀ ਜਾਵੇ।ਉਨ੍ਹਾਂ ਮੰਗ ਕੀਤੀ ਕਿ ਸਕੂਲਾਂ ਦੀ ਚੈਕਿੰਗ ਦੌਰਾਨ ਅਧਿਕਾਰੀਆਂ ਦਾ ਵਤੀਰਾ ਸਕਾਰਾਤਮਕ ਹੋਵੇ।ਇਸ ਸੰਬੰਧੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਕਿ ਅਧਿਆਪਕਾਂ ਦੇ ਸਾਰੇ ਕੰਮ ਸਮੇਂ ਸਿਰ ਤੇ ਪਹਿਲ ਦੇ ਅਧਾਰ 'ਤੇ ਪੂਰੇ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਬਲਾਕ ਸਿੱਖਿਆ ਅਧਿਕਾਰੀਆਂ ਨੂੰ ਵੀ ਹਦਾਇਤਾਂ ਕੀਤੀਆਂ ਜਾਣਗੀਆਂ ਕਿ ਜਦੋਂ ਵੀ ਕਿਤਾਬਾਂ ਬਲਾਕ ਦਫ਼ਤਰਾਂ ਵਿੱਚ ਪਹੁੰਚਦੀਆਂ ਹਨ ਤਾਂ ਉਹ ਸਕੂਲਾਂ ਵਿੱਚ ਪੁੱਜਦੀਆਂ ਕੀਤੀਆਂ ਜਾਣ।ਇਸ ਵਫਦ ਵਿੱਚ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ, ਮਨਜੀਤ ਸਿੰਘ ਬਾਂਦੇਵਾਲਾ, ਕੁਲਬੀਰ ਜੋਸ਼ੀ, ਬਲਦੇਵ ਸਿੰਘ, ਕੁਲਵਿੰਦਰ ਦੂਹੇਵਾਲਾ, ਸਤਿੰਦਰ ਸੇਤੀਆ, ਪਰਮਿੰਦਰ ਖੋਖਰ, ਪਰਮਿੰਦਰ ਹਰੀਕੇ, ਤੇਜਿੰਦਰ ਸਿੰਘ, ਚਰਨਜੀਤ ਅਟਵਾਲ, ਸੰਦੀਪ ਸ਼ਰਮਾ, ਬੂਟਾ ਸਿੰਘ ਵਾਕਫ, ਹਰਪ੍ਰੀਤ ਲੰਬੀ ਢਾਬ, ਵਿਪਨ ਕੁਮਾਰ ਤੇ ਕੁਲਵਿੰਦਰ ਸਿੰਘ ਆਦਿ ਅਧਿਆਪਕ ਆਗੂ ਤੇ ਅਹੁਦੇਦਾਰ ਮੌਜੂਦ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਬਹਿਸ ਮੁਕਾਬਲੇ ਕਰਾਏ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੇ 'ਸਾਡੀਆਂ ਵੋਟਾਂ : ਕੀ ਉਹ ਅਸਲ ਵਿੱਚ ਮਾਇਨੇ ਰੱਖਦੀਆਂ ਹਨ?', 'ਕਿਤਾਬਾਂ ਬਨਾਮ ਫਿਲਮਾਂ' ਤੇ 'ਕੀ ਸ਼ੋਸ਼ਲ ਮੀਡੀਆ-ਵਿਦਿਆਰਥੀ ਦੀ ਰਾਜਨੀਤਕ ਸਮੂਲੀਅਤ 'ਤੇ ਇੱਕ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਭਾਵ? ਵਿਸ਼ੇ 'ਤੇ ਅੰਤਰ-ਵਿਭਾਗੀ ਬਹਿਸ ਮੁਕਾਬਲੇ ਦਾ ਆਯੋਜਨ ਕੀਤਾ।ਇਸ ਮੁਕਾਬਲੇ ਦਾ ਸੰਚਾਲਨ ਅੰਗਰੇਜ਼ੀ ਦੀ ਸਹਾਇਕ ਪ੍ਰੋਫੈਸਰ ਸ੍ਰੀਮਤੀ ਜੈਸਮੀਨ ਕੌਰ ਨੇ ਕੀਤਾ।ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਇੱਕ ਰਚਨਾਤਮਕ ਪਲੇਟਫਾਰਮ ਪ੍ਰਦਾਨ ਕਰਨਾ ਤੇ ਉਨ੍ਹਾਂ ਦੇ ਗੁਣਾਂ ਅਤੇ ਆਲੋਚਨਾਤਮਕ ਸੋਚ ਨੂੰ ਵਧਾਉਣਾ ਸੀ।ਬੀਬਾ ਜੈਸਮੀਨ ਨੇ ਦੱਸਿਆ ਕਿ ਮੁਕਾਬਲਿਆਂ ਵਿੱਚ ਵੱਖ-ਵੱਖ ਵਿਭਾਗਾਂ ਦੀਆਂ ਦਸ ਟੀਮਾਂ ਨੇ ਭਾਗ ਲਿਆ।ਸ੍ਰੀਮਤੀ ਜਸਪ੍ਰੀਤ ਕੌਰ ਤੇ ਡਾ: ਬਲਜੀਤ ਕੌਰ ਨੇ ਸਮਾਗਮ ਦੀ ਜੱਜਮੈਂਟ ਕੀਤੀ।ਉਨ੍ਹਾਂ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਬੀ.ਏ., ਐੱਲ ਐੱਲ ਬੀ ਦੀ ਜਸਮੀਨ ਕੌਰ ਤੇ ਜਸਪ੍ਰੀਤ ਸਿੰਘ ਦੀ ਟੀਮ ਪਹਿਲੇ ਸਥਾਨ 'ਤੇ ਰਹੀ, ਬੀ.ਐੱਸ.ਸੀ ਨਾਨ-ਮੈਡੀਕਲ ਦੂਜੇ ਸਾਲ ਵਿੱਚੋਂ ਕਰਮਵੀਰ ਕੌਰ ਤੇ ਪਲਕਦੀਪ ਕੌਰ ਦੀ ਟੀਮ ਨੇ ਦੂਜਾ ਅਤੇ ਬੀ.ਏ. ਬੀ.ਐੱਡ ਵਿੱਚੋਂ ਅਰਸ਼ਦੀਪ ਕੌਰ ਨੇ ਸਰਵੋਤਮ ਵਕਤਾ ਦਾ ਇਨਾਮ ਹਾਸਲ ਕੀਤਾ।ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਅਰਵਿੰਦਰ ਕੌਰ ਅਟਵਾਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਸਫਲਤਾ ਲਈ ਵਧਾਈ ਦਿੱਤੀ।ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਅਜਿਹੀਆਂ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਜੋਸ਼ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।ਅਖੀਰ ਵਿੱਚ ਬੀ ਏ ਆਨਰਜ਼ ਅੰਗਰੇਜ਼ੀ ਦੀ ਵਿਦਿਆਰਥਣ ਸਿਮਰਨ ਸ਼ਰਮਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਸਲਾਈਟ ਦੇ ਵਰਕਰਾਂ ਦੀ ਮੀਟਿੰਗ 'ਚ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ

## ਸਰਬ-ਸੰਮਤੀ ਨਾਲ ਸਲਾਈਟ ਵਰਕਰਜ਼ ਯੂਨੀਅਨ ਦਾ ਗਠਨ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਸਲਾਈਟ ਲੌਂਗੋਵਾਲ ਦੇ ਵਰਕਰਾਂ ਦੀ ਮੀਟਿੰਗ ਗੁਰਦੁਆਰਾ ਕੈਂਬੋਵਾਲ ਸਾਹਿਬ ਵਿਖੇ ਆਲ ਇੰਡੀਆ ਸੈਂਟਰਲ ਟ੍ਰੇਡ ਯੂਨੀਅਨ (ਇਫਟੂ) ਦੇ ਸਕੱਤਰ ਅਵਤਾਰ ਸਿੰਘ ਤਾਰੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸਲਾਈਟ ਵਿੱਚ ਕੰਮ ਕਰਦੇ ਮਾਲੀ, ਕਾਰਪੇਂਟਰ, ਸਫਾਈ ਸੇਵਕ, ਸਕਿਉਰਟੀ ਗਾਰਡ, ਬੀ ਐੱਚ ਐੱਸ ਸਮੇਤ ਵੱਡੀ ਗਿਣਤੀ ਵਰਕਰ ਹਾਜ਼ਰ ਹੋਏ ਤੇ ਉਨ੍ਹਾਂ ਨੇ ਸਲਾਈਟ ਵਿੱਚ ਵਰਕਰਾਂ ਨੂੰ ਆਉਂਦੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਸੰਬੋਧਨ ਕਰਦਿਆਂ ਅਵਤਾਰ ਸਿੰਘ ਤਾਰੀ ਨੇ ਦੱਸਿਆ ਕਿ ਮਜ਼ਦੂਰ ਵਰਗ ਠੇਕੇਦਾਰੀ ਸਿਸਟਮ ਤੋਂ ਤੰਗ ਹੈ ਤੇ ਵੱਖ-ਵੱਖ ਅਦਾਰਿਆਂ ਵਿੱਚ ਮਜ਼ਦੂਰਾਂ ਦੇ ਹੱਕਾਂ 'ਤੇ ਲਗਾਤਾਰ ਡਾਕੇ ਵੱਜ ਰਹੇ ਹਨ। ਮਜ਼ਦੂਰਾਂ ਨੂੰ ਆਪਣੇ ਹੱਕ ਲੈਣ ਲਈ ਜਥੇਬੰਦ ਹੋਣਾ ਹੀ ਇੱਕੋ ਇੱਕ ਹੱਲ ਹੈ, ਸੋ ਇਸ ਕਰਕੇ ਉਨ੍ਹਾਂ ਸਾਰੇ ਵਰਕਰਾਂ ਨੂੰ ਜਥੇਬੰਦ ਹੋਣ ਦਾ ਸੱਦਾ ਦਿੱਤਾ ਤਾਂ ਇਸ 'ਤੇ ਹਾਜ਼ਰ ਵਰਕਰਾਂ ਨੇ ਸਰਬਸੰਮਤੀ ਨਾਲ ਸਲਾਈਟ ਵਰਕਰਜ਼ ਯੂਨੀਅਨ ਦਾ ਗਠਨ ਕਰਕੇ 17 ਮੈਂਬਰੀ ਕਮੇਟੀ ਚੋਣ ਕਰਦਿਆਂ ਬਲਤੇਜ ਸਿੰਘ ਨੂੰ ਪ੍ਰਧਾਨ, ਸੁਖਬੀਰ ਦਾਸ ਲੋਹਾਖੇੜਾ ਨੂੰ ਸਕੱਤਰ, ਜਸਵਿੰਦਰ ਸਿੰਘ ਦੁੱਗਾਂ ਮੀਤ ਪ੍ਰਧਾਨ, ਜਸਵੰਤ ਸਿੰਘ ਕੈਂਬੋਵਾਲ ਪਿੰਡੀ ਨੂੰ ਖਜ਼ਾਨਚੀ, ਭੁਪਿੰਦਰ ਸਿੰਘ ਪਿੰਡੀ ਕੇਹਰ ਸਿੰਘ ਵਾਲੀ ਨੂੰ ਸਹਾਇਕ ਖਜ਼ਾਨਚੀ, ਦਲਜੀਤ ਸਿੰਘ ਦੁੱਗਾਂ ਨੂੰ ਸਹਾਇਕ ਸਕੱਤਰ ਅਤੇ ਇਨ੍ਹਾਂ ਤੋਂ ਇਲਾਵਾ ਗੁਰਜੰਟ ਸਿੰਘ, ਪਰਵਿੰਦਰ ਸਿੰਘ, ਬਲਕਾਰ ਸਿੰਘ, ਜੁਗਰਾਜ ਸਿੰਘ, ਨਾਜਮ ਸਿੰਘ, ਕਿਸਨ ਸਿੰਘ, ਪ੍ਰਿਤਪਾਲ ਸਿੰਘ, ਗੋਬਿੰਦ ਸਿੰਘ, ਅਵਤਾਰ ਸਿੰਘ, ਗੁਰਦਿੱਤ ਸਿੰਘ, ਦਾਰਾ ਸਿੰਘ ਸਮੇਤ 17 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਇਸ ਮੌਕੇ ਇਫਟੂ ਦੇ ਸੂਬਾ ਆਗੂ ਸ੍ਰੀ ਨਾਥ ਪਟਿਆਲਾ ਤੇ ਗੈਸ ਏਜੰਸੀ ਵਰਕਰ ਯੂਨੀਅਨ ਦੇ ਆਗੂ ਅਵਤਾਰ ਸਿੰਘ ਪਟਿਆਲਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਤੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਨੇ ਭਰਾਤਰੀ ਸੰਦੇਸ਼ ਦਿੱਤਾ ਅਤੇ ਯੂਨੀਅਨ ਦੀ ਚੋਣ ਕਰਨ 'ਤੇ ਵਰਕਰਾਂ ਨੂੰ ਵਧਾਈ ਦਿੰਦਿਆਂ ਵਰਕਰਾਂ ਦੇ ਹੱਕੀ ਮੰਗਾਂ ਲਈ ਸੰਘਰਸ਼ 'ਚ ਲੋੜ ਪੈਣ 'ਤੇ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ।

# ਬਾਬਾ ਬੰਤ ਸਿੰਘ ਗਿਆਨੀ ਦੀ ਬਰਸੀ ਧੂਮਧਾਮ ਨਾਲ ਮਨਾਈ



ਬਾਘਾ ਪੁਰਾਣਾ (ਮਨੀ ਸਿੰਗਲਾ)

ਧੰਨ-ਧੰਨ ਬਾਬਾ ਬੰਤ ਸਿੰਘ ਗਿਆਨੀ ਜੀ ਦੀ ਬਰਸੀ ਬਾਬਾ ਜੀਵਨ ਸਿੰਘ ਨਗਰ ਦੀ ਸੰਗਤ ਦੇ ਸਹਿਯੋਗ ਨਾਲ ਪ੍ਰਮੁੱਖ ਸੇਵਾਦਾਰਾਂ ਵੱਲੋਂ ਉਨ੍ਹਾਂ ਦੇ ਯਾਦਗਾਰੀ ਸਥਾਨ ਮੰਡੀਰਾਂ ਵਾਲਾ ਰੋਡ ਬਾਬਾ ਜੀਵਨ ਸਿੰਘ ਨਗਰ ਵਿਖੇ ਧੂਮ-ਧਾਮ ਨਾਲ ਮਨਾਈ ਗਈ। ਬੀਤੇ ਦਿਨੀਂ ਧੰਨ-ਧੰਨ ਬਾਬਾ ਬੰਤ ਸਿੰਘ ਗਿਆਨੀ ਜੀ ਦੀ ਯਾਦਗਰ ਵਿਖੇ ਸੇਵਾਦਾਰਾਂ ਤੇ ਨਗਰ ਦੀ ਸੰਗਤ ਦੇ ਸਹਿਯੋਗ ਨਾਲ 8 ਫਰਵਰੀ ਨੂੰ ਸ੍ਰੀ ਸਹਿਜ ਪਾਠ ਪ੍ਰਾਰੰਭ ਕੀਤੇ ਗਏ ਸਨ, ਜਿਨ੍ਹਾਂ ਦੇ ਭੋਗ ਗ੍ਰੰਥੀ ਸਿੰਘਾਂ ਵੱਲੋਂ ਪਾਉਣ ਦੇ ਬਾਅਦ ਬਾਬਾ ਹਰਜਿੰਦਰ ਸਿੰਘ ਮਟੀਲੀ ਵਾਲਿਆਂ (ਸ੍ਰੀ ਆਨੰਦਪੁਰ ਸਾਹਿਬ) ਵੱਲੋਂ ਆਪਣੇ ਪ੍ਰਵਚਨਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਾਜੀ ਨਿਵਾਜੀ ਸੰਗਤ ਨੂੰ ਪ੍ਰਵਚਨ ਕਰਦਿਆਂ ਨਿਹਾਲ ਕੀਤਾ ਤੇ ਧੰਨ-ਧੰਨ ਬਾਬਾ ਬੰਤ ਸਿੰਘ ਗਿਆਨੀ ਜੀ ਦੇ ਜੀਵਨ 'ਤੇ ਝਾਤ ਪਾਉਂਦਿਆਂ ਕਿਹਾ ਕਿ ਸਾਨੂੰ ਮਹਾਂਪੁਰਸ਼ਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਯਾਦਗਰੀ ਸਮਾਗਮ ਮਨਾਉਣਾ ਬਹੁਤ ਹੀ ਸ਼ਲਾਘਾਯੋਗ ਹੈ, ਜਿਸ ਲਈ ਬਾਬਾ ਹਰਜਿੰਦਰ ਸਿੰਘ ਜੀ ਮਟੀਲੀ ਵਾਲਿਆਂ ਨੇ ਨਗਰ ਦੀ ਸਮੁੱਚੀ ਸੰਗਤ, ਪ੍ਰਮੁੱਖ ਸੇਵਾਦਾਰਾਂ ਤੇ ਬਾਬਾ ਬੰਤ ਸਿੰਘ ਵੈੱਲਫੇਅਰ ਕਲੱਬ ਦੇ ਉਦਮ ਦੀ ਸ਼ਲਾਘਾ ਕੀਤੀ।

ਇਸ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ, ਸਰਪੰਚ ਗੁਰਜੀਤ ਸਿੰਘ ਕੋਟਲਾ, ਨਗਰ ਸੁਧਾਰ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਅਰੋੜਾ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਮਾਰਕੀਟ ਬਾਘਾ ਪੁਰਾਣਾ ਦੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਗੁਰਪ੍ਰੀਤ ਸਿੰਘ ਮਨਚੰਦਾ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਵਨ ਗੋਇਲ, ਸਾਬਕਾ ਕੌਂਸਲਰ ਜਗਸੀਰ ਸਿੰਘ ਜੱਗਾ, ਸਾਬਕਾ ਕੌਂਸਲਰ ਗੁਰਮੁੱਖ ਸਿੰਘ, ਸਾਬਕਾ ਕੌਂਸਲਰ ਜੰਗੀਰ ਸਿੰਘ ਬਰਾੜ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ, ਅਕਾਲੀ ਆਗੂ ਸ਼ਿਵਰਾਜ ਸਿੰਘ ਡੀ ਪੀ, ਅਕਾਲੀ ਆਗੂ ਡਾ. ਹਰਿੰਦਰ ਸਿੰਘ ਵਿੱਕੀ, ਸਾਬਕਾ ਕੌਂਸਲਰ ਪ੍ਰਿਥੀ ਸਿੰਘ, ਭਾਜਪਾ ਆਗੂ ਗੋਪੀ ਦੇ ਇਲਾਵਾ ਇਲਾਕੇ ਦੀਆਂ ਹੋਰ ਕਈ ਨਾਮਵਰ ਸ਼ਖਸੀਅਤਾਂ ਨੇ ਬਰਸੀ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਪ੍ਰਿਥੀ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਵਿਦਾਇਗੀ ਪਾਰਟੀ



ਹਠੂਰ/ਜਗਰਾਉਂ (ਨਛੱਤਰ ਸੰਧੂ)-ਇਲਾਕੇ ਦੀ ਮੋਹਰੀ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਨੇ ਇਸ ਸੈਸ਼ਨ ਦੇ ਬਾਰਵੀਂ ਦੇ ਬੱਚਿਆਂ ਨੂੰ ਵਿਦਾਇਗੀ ਪਾਰਟੀ ਦਿੱਤੀ। ਪਾਰਟੀ ਵਿੱਚ ਬਾਰਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ।

ਇਹ ਪਾਰਟੀ ਸਕੂਲ ਮੈਨੇਜਮੈਂਟ, ਸਟਾਫ ਤੇ ਗਿਆਰਵੀਂ ਜਮਾਤ ਦੇ ਬੱਚਿਆਂ ਨੇ ਬਾਰਵੀਂ ਜਮਾਤ ਦੇ ਬੱਚਿਆਂ ਲਈ ਦਿੱਤੀ। ਪਾਰਟੀ ਦਾ ਉਦੇਸ਼ ਬਾਰਵੀਂ ਜਮਾਤ ਦੇ ਬੱਚਿਆਂ ਨੂੰ ਆਉਣ ਵਾਲੇ ਪੇਪਰਾਂ ਵਿੱਚ ਚੰਗੇ ਨੰਬਰ ਲੈਣ ਲਈ ਪ੍ਰੇਰਿਤ ਕਰਨਾ ਤੇ ਅੱਛੇ ਰਿਜ਼ਲਟ ਆਉਣ ਦੀ ਕਾਮਨਾ ਦੇ ਨਾਲ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਵਧਾਈ ਦੇਣਾ ਸੀ। ਪਾਰਟੀ ਦੀ ਸ਼ੁਰੂਆਤ ਸੰਸਥਾ ਦੇ ਪ੍ਰੈਜ਼ੀਡੈਂਟ ਚਰਨ ਸਿੰਘ, ਚੇਅਰਮੈਨ ਯੋਗਿੰਦਰ ਸ਼ਰਮਾ ਤੇ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਕੀਤੀ। ਸੰਸਥਾ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਚੰਗੇ ਅੰਕ ਲੈ ਕੇ ਪਾਸ ਹੋਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਦੁਆਵਾਂ ਕੀਤੀਆਂ। ਰੰਗਾਰੰਗ ਸੰਸਕ੍ਰਿਤਕ ਪ੍ਰੋਗਰਾਮ ਵੀ ਗਿਆਰਵੀਂ ਦੇ ਬੱਚਿਆਂ ਨੇ ਪੇਸ਼ ਕੀਤਾ ਤੇ ਬਾਰਵੀਂ ਦੇ ਬੱਚਿਆਂ ਲਈ ਗਿਫਟ ਦਿੱਤੇ। ਪਾਰਟੀ ਵਿੱਚ ਜਸਮੀਤ ਕੌਰ ਨੂੰ ਮਿਸ ਫੇਅਰਵੈੱਲ ਤੇ ਕਮਲਪ੍ਰੀਤ ਸਿੰਘ ਨੂੰ ਮਿਸਟਰ ਫੇਅਰਵੈੱਲ ਨਵਾਜਿਆ ਗਿਆ। ਗੁਰਲੀਨ ਕੌਰ ਨੂੰ ਮਿਸ ਬਿਊਟੀਫੁੱਲ ਤੇ ਜਗਪਾਲ ਸਿੰਘ ਨੂੰ ਮਿਸਟਰ ਹੈਂਡਸਮ ਨਵਾਜਿਆ ਗਿਆ। ਅੰਤ ਵਿੱਚ ਸਾਰੇ ਬੱਚਿਆਂ ਨੂੰ ਸੁਨਹਿਰੇ ਭਵਿੱਖ ਵਾਸਤੇ ਮਿਹਨਤ ਕਰਨ ਲਈ ਅਤੇ ਹਰ ਕੰਮ ਪਲੈਨਿੰਗ ਨਾਲ ਕਰਨ ਦੀ ਨਸੀਹਤ ਦਿੱਤੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਕੌਮੀ ਸੈਮੀਨਾਰ



ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ ਡਾ: ਗਿਆਨ ਸਿੰਘ।

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਕਾਮਰਸ ਤੇ ਮੈਨੇਜਮੈਂਟ ਵਿਭਾਗ ਨੇ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਦੇ ਸਹਿਯੋਗ ਨਾਲ ਇੱਕ ਰੋਜ਼ਾ ਕੌਮੀ ਸੈਮੀਨਾਰ ਕਰਵਾਇਆ। ਕਾਮਰਸ ਤੇ ਮੈਨੇਜਮੈਂਟ ਵਿਭਾਗ ਦੀ ਮੁਖੀ ਡਾ: ਨਵਲੀਨ ਕੌਰ ਨੇ ਜੀ ਐੱਨ ਆਈ ਜੀ ਐੱਸ ਦੇ ਪ੍ਰਧਾਨ ਤੇ ਸੀਈਓ ਡਾ: ਗਿਆਨ ਸਿੰਘ ਦਾ ਸਵਾਗਤ ਕੀਤਾ। ਡਾ. ਸਿੰਘ ਨੇ ਸੰਸਥਾ ਦੇ ਵਿਭਿੰਨ ਕੋਰਸਾਂ ਬਾਰੇ ਆਪਣੀ ਸੂਝ ਸਾਂਝੀ ਕੀਤੀ। ਉਨ੍ਹਾ ਕਾਮਰਸ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਫਰੰਟਲਾਈਨ ਮੈਨੇਜਮੈਂਟ ਕੋਰਸ 'ਤੇ ਧਿਆਨ ਕੇਂਦਰਤ ਕੀਤਾ ਤੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮੌਕਿਆਂ ਤੇ ਵਿਕਾਸ ਦੀਆਂ ਕਹਾਣੀਆਂ ਨਾਲ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਏ. ਐੱਸ. ਬਰਾੜ ਪ੍ਰੋ-ਚਾਂਸਲਰ, ਡਾ. ਪ੍ਰਿਤਪਾਲ ਸਿੰਘ ਵਾਈਸ-ਚਾਂਸਲਰ, ਡਾ. ਤੇਜਵੀਰ ਸਿੰਘ ਰਜਿਸਟਰਾਰ, ਡਾ. ਸਿਕੰਦਰ ਸਿੰਘ ਡੀਨ ਵਿਦਿਆਰਥੀ ਭਲਾਈ ਤੇ ਵਿਭਾਗ ਦੇ ਫੈਕਲਟੀ ਮੈਂਬਰ ਹਾਜ਼ਰ ਸਨ। ਅੰਤ ਵਿੱਚ ਡਾ: ਪ੍ਰਿਤਪਾਲ ਸਿੰਘ ਨੇ ਵਿਦਿਆਰਥੀਆਂ ਤੇ ਫੈਕਲਟੀ ਨਾਲ ਆਪਣੇ ਕੀਮਤੀ ਤਜਰਬੇ ਸਾਂਝੇ ਕਰਨ ਲਈ ਡਾ: ਗਿਆਨ ਸਿੰਘ ਦਾ ਧੰਨਵਾਦ ਕੀਤਾ।

# ਘੱਟ ਪੋਲਿੰਗ ਵਾਲੇ ਬੂਥਾਂ 'ਤੇ ਵੋਟਿੰਗ ਦਰ ਵਧਾਉਣ ਲਈ ਕੀਤੇ ਜਾਣਗੇ ਵਿਸ਼ੇਸ਼ ਉਪਰਾਲੇ : ਮਨਰੀਤ ਰਾਣਾ

## ਚੋਣ ਅਮਲੇ ਦੀ 100 ਫੀਸਦੀ ਵੋਟਿੰਗ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਹਦਾਇਤ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਸਿਬਿਨ ਸੀ. ਨੇ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਸਬੰਧੀ ਸੂਬੇ ਦੇ ਸਾਰੇ ਜ਼ਿਲ੍ਹਾ ਚੋਣ ਤਹਿਸਲੀਦਾਰਾਂ, ਜ਼ਿਲ੍ਹਾ ਸਵੀਪ ਕੋਆਰਡੀਨੇਟਰਾਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ 'ਚੋਣ ਦਾ ਪਰਵ ਦੇਸ਼ ਦਾ ਗਰਵ' ਵਿਸ਼ੇ ਤਹਿਤ 'ਇਸ ਵਾਰ 70 ਪਾਰ' ਵੋਟ ਪ੍ਰਤੀਸ਼ਤ ਦਾ ਟੀਚਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਜ਼ਿਲ੍ਹਾ ਸਵੀਪ ਨੋਡਲ ਅਫਸਰ-ਕਮ-ਐੱਸ.ਡੀ.ਐੱਮ. ਖਮਾਣੋਂ ਸ੍ਰੀਮਤੀ ਮਨਰੀਤ ਰਾਣਾ ਨੇ ਦੱਸਿਆ ਕਿ ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਤਿਆਰੀਆਂ ਆਰੰਭੀਆਂ ਗਈਆਂ ਹਨ ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਪੋਲਿੰਗ ਸਟੇਸ਼ਨਾਂ 'ਤੇ ਪਿਛਲੀਆਂ ਚੋਣਾਂ ਦੌਰਾਨ ਘੱਟ ਪੋਲਿੰਗ ਹੋਈ ਸੀ, ਉਨ੍ਹਾਂ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਦਰ ਨੂੰ ਵਧਾਉਣ ਵਾਸਤੇ ਵਿਸ਼ੇਸ਼ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਉਨ੍ਹਾ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਵਾਸਤੇ ਜਾਗਰੂਕਤਾ ਵੈਨ ਚਲਾਈ ਗਈ ਹੈ ਤੇ ਦਿਵਿਆਂਗ ਵੋਟਰਾਂ ਨੂੰ ਜਾਗਰੂਕ ਕਰਨ ਵਾਸਤੇ ਗਗਨ ਖਾਨ ਨੂੰ ਜ਼ਿਲ੍ਹਾ ਆਈਕੋਨ ਬਣਾਇਆ ਗਿਆ ਹੈ, ਜੋ ਕਿ ਵੱਖ ਵੱਖ ਗਤੀਵੀਧੀਆਂ ਦੌਰਾਨ ਵੋਟਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨਗੇ। ਉਨ੍ਹਾ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਭੇਜੀ ਗਈ ਜਾਗਰੂਕਤਾ ਵੈਨ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਜਾ ਕੇ ਲੋਕਾਂ ਨੂੰ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਜਾਗਰੂਕ ਕਰ ਰਹੀ ਹੈ, ਉੱਥੇ ਹੀ ਵੋਟਰਾਂ ਨੂੰ ਈ.ਵੀ.ਐੱਮ. ਤੇ ਵੀ ਵੀ ਪੈਟ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਵੋਟਰਾਂ ਨੂੰ ਆਪਣੀ ਵੋਟ ਪਾਉਣ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਦੱਸਿਆ ਕਿ ਜ਼ਿਲ੍ਹੇ ਵਿੱਚ ਸਵੀਪ ਗਤੀਵਿਧੀਆਂ ਰਾਹੀਂ ਯੂਥ ਕਲੱਬਾਂ ਦੇ ਮੈਂਬਰਾਂ ਤੇ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਦਾ ਸਹਿਯੋਗ ਲਿਆ ਜਾਵੇਗਾ ਤਾਂ ਜੋ ਜ਼ਿਲ੍ਹੇ ਵਿੱਚ ਵੋਟਾਂ ਪਾਉਣ ਦੀ ਦਰ ਨੂੰ ਵਧਾ ਕੇ 70 ਫੀਸਦੀ ਤੋਂ ਵੱਧ ਕੀਤਾ ਜਾਵੇ। ਮਹਿਲਾ ਵੋਟਰਾਂ ਨੂੰ ਜਾਗਰੂਕ ਕਰਨ ਵਾਸਤੇ ਪਿੰਕ ਐਂਬੇਸਡਰ ਵੀ ਬਣਾਏ ਜਾਣਗੇ ਤਾਂ ਜੋ ਔਰਤਾਂ ਦੀ 100 ਫੀਸਦੀ ਵੋਟਿੰਗ ਨੂੰ ਯਕੀਨੀ ਬਣਾਇਆਂ ਜਾ ਸਕੇ। ਸ੍ਰੀਮਤੀ ਰਾਣਾ ਨੇ ਕਿਹਾ ਕਿ ਚੋਣਾਂ ਦੌਰਾਨ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ 100 ਫੀਸਦੀ ਵੋਟਾਂ ਪਾਉਣ ਵਾਸਤੇ ਵੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਤਾਂ ਜੋ ਇਹ ਸਬੰਧਤ ਅਧਿਕਾਰੀ ਵੀ ਬੈਲਟ ਪੇਪਰਾਂ ਰਾਹੀਂ ਆਪਣੀਆਂ ਵੋਟਾਂ ਪਾ ਸਕਣ। ਬਜ਼ੁਰਗਾਂ ਨੂੰ ਵੋਟ ਪਾਉਣ ਦੀ ਸਹੂਲਤ ਦੇਣ ਵਾਸਤੇ ਚੋਣ ਕਮਿਸ਼ਨ ਦੁਆਰਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਵੋਟਰਾਂ ਦੀ ਸਹੂਲਤ ਨੂੰ ਦੇਖਦੇ ਹੋਏ ਵੋਟਰ ਸ਼ਨਾਖਤੀ ਕਾਰਡ ਤੋਂ ਇਲਾਵਾ 12 ਦਸਤਾਵੇਜ਼ ਹੋਰ ਵੀ ਦੱਸੇ ਗਏ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਵੋਟਰ ਆਪਣੀ ਵੋਟ ਪਾ ਸਕਦੇ ਹਨ, ਜਿਨ੍ਹਾਂ ਵਿੱਚ ਆਧਾਰ ਕਾਰਡ, ਪੈਨ ਕਾਰਡ, ਪਾਸਪੋਰਟ ਆਦਿ ਵਰਗੇ ਦਸਤਾਵੇਜ਼ ਸ਼ਾਮਲ ਹਨ। ਇਸ ਵੀਡੀਓ ਕਾਨਫਰੰਸਿੰਗ ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ-ਕਮ-ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫਸਰ ਸ੍ਰੀਮਤੀ ਜੋਬਨਦੀਪ ਕੌਰ, ਨੋਡਲ ਅਫਸਰ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਿਰਿੰਗ ਕਮੇਟੀ ਸ੍ਰੀ ਭੁਪੇਸ਼ ਚੱਠਾ, ਤਹਿਸੀਲਦਾਰ ਚੋਣਾਂ ਸ੍ਰੀਮਤੀ ਨਿਰਮਲਾ ਦੇਵੀ ਤੋਂ ਇਲਾਵਾ ਹੋਰ ਅਧਿਕਾਰੀ ਸ਼ਾਮਲ ਸਨ।

# ਅਮਿੱਟ ਪੈੜਾਂ ਛੱਡਦੀਆਂ ਸਮਾਪਤ ਹੋਈਆਂ 'ਖੇਡਾਂ ਧਾਂਦਰੇ ਦੀਆਂ'

## 75 ਕਿੱਲੋ 'ਚ ਫਸਟ ਲਾਟੋ ਤੇ ਸੈਕਿੰਡ ਕਾਲਾਬੂਲਾ, 57 ਕਿੱਲੋ 'ਚ ਬਰੜਵਾਲ ਫਸਟ ਤੇ ਧਾਂਦਰੇ ਦੀ ਟੀਮ ਸੈਕਿੰਡ ਰਹੀ



ਧੂਰੀ (ਬਿੰਨੀ ਗਰਗ)-ਨੌਜਵਾਨ ਸਪੋਰਟਸ ਕਲੱਬ ਡੇਰਾ ਬਾਬਾ ਧਾਂਦਰਾ ਵੱਲੋਂ ਮਹੰਤ ਪਰਮਾ ਨੰਦ ਦੀ ਅਗਵਾਈ ਹੇਠ ਤਿੰਨ ਦਿਨਾ ਖੇਡ ਮੇਲਾ ਕਰਵਾਇਆ ਗਿਆ, ਜਿਸ ਵਿੱਚ ਪਹਿਲੇ ਦਿਨ ਠੋਕਰਾਂ ਦੀਆਂ ਦੌੜਾਂ ਕਰਵਾਈਆਂ ਗਈਆਂ ਅਤੇ ਦੂਜੇ ਦਿਨ 42 ਟੀਮਾਂ ਨੇ ਕਬੱਡੀ ਦੇ ਜੌਹਰ ਦਿਖਾਏ ਅਤੇ ਤੀਜੇ ਦਿਨ ਓਪਨ ਦੀਆਂ 12 ਟੀਮਾਂ ਨੇ ਭਾਗ ਲਿਆ, ਜਿਸ ਵਿੱਚ 57 ਕਿੱਲੋ ਵਿੱਚ ਪਿੰਡ ਬਰੜਵਾਲ ਦੀ ਟੀਮ ਫਸਟ ਤੇ ਧਾਂਦਰੇ ਦੀ ਟੀਮ ਸੈਕਿੰਡ ਰਹੀ ਅਤੇ 75 ਕਿੱਲੋ ਵਿੱਚ ਪਿਡ ਲਾਟੋ ਦੀ ਟੀਮ ਫਸਟ ਤੇ ਕਾਲਾਬੁਲਾ ਦੀ ਟੀਮ ਸੈਕਿੰਡ ਰਹੀ। ਸਾਰੇ ਮੈਚਾਂ ਦੀ ਰੈਫਰੀ ਅਵਤਾਰ ਸਿੰਘ ਤੋਲੇਵਾਲ ਨੇ ਕੀਤੀ। ਇਸ ਮੌਕੇ ਕਲੱਬ ਮੈਂਬਰਾਂ ਤੇ ਪ੍ਰਧਾਨ ਜਗਦੀਪ ਸਿੰਘ ਨੇ ਜੇਤੂ ਟੀਮਾਂ ਨੂੰ 75 ਕਿੱਲੋ ਵਾਲੀਆ ਟੀਮਾਂ ਨੂੰ ਨਗਦ ਰਾਸ਼ੀ 25000 ਤੇ 20000 ਨਾਲ ਹੀ 57 ਕਿੱਲੋ ਜੇਤੂ ਟੀਮ ਨੂੰ 10000 ਤੇ 8000 ਨਗਦ ਇਨਾਮ ਦੀ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਮਨਜੀਤ ਸਿੰਘ, ਖਜ਼ਾਨਚੀ ਗੁਰਮੀਤ ਸਿੰਘ, ਮੀਤ ਪ੍ਰਧਾਨ ਹਰਪ੍ਰੀਤ ਸਿੰਘ, ਜਰਨਲ ਸਕੱਤਰ ਪਰਮਿੰਦਰ ਸਿੰਘ, ਸਲਾਹਕਾਰ ਜਗਤਾਰ ਸਿੰਘ, ਆਪ ਆਗੂ ਅਮਰਦੀਪ ਸਿੰਘ ਧਾਂਦਰਾ, ਸਰਪੰਚ ਲਛਮਣ ਸਿੰਘ, ਰਣਜੀਤ ਸਿੰਘ, ਧੰਨਜੀਤ ਸਿੰਘ, ਡਾ. ਹਰਭਜਨ ਸਿੰਘ, ਕੁਲਦੀਪ ਸਿੰਘ ਢੀਂਡਸਾ ਕਾਰ ਬਜ਼ਾਰ, ਪ੍ਰਿਤਪਾਲ ਸਿੰਘ, ਯੈਗੋਂ ਧੂਰੀ, ਬੇਅੰਤ ਸਿੰਘ, ਗੁਰਹੰਸ ਸਿੰਘ ਤੇ ਸਮੂਹ ਪਿੰਡ ਵਾਸੀਆਂ ਨੇ ਸ਼ਿਰਕਤ ਕੀਤੀ।

# ਆਪ ਦੀ ਸਰਕਾਰ ਆਪ ਦੇ ਦੁਆਰ ਮੁਹਿੰਮ ਤਹਿਤ ਲੱਗ ਰਹੇ ਕੈਂਪਾਂ ਦਾ ਸ਼ਡਿਊਲ ਜਾਰੀ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਆਪ ਦੀ ਸਰਕਾਰ ਆਪ ਦੇ ਦੁਆਰ ਮੁਹਿੰਮ ਤਹਿਤ ਕੈਂਪਾਂ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ 21 ਫਰਵਰੀ ਨੂੰ ਫਾਜ਼ਿਲਕਾ ਉਪਮੰਡਲ ਦੇ ਪਿੰਡ ਗੰਜੂਆਣਾ ਤੇ ਮਹਾਤਮ ਨਗਰ ਵਿੱਚ ਸਵੇਰੇ 10 ਵਜੇ ਤੇ ਪਿੰਡ ਕਾਵਾਂਵਾਲੀ ਅਤੇ ਝੰਗੜ ਭੈਣੀ ਵਿਖੇ ਬਾਅਦ ਦੁਪਹਿਰ 2 ਵਜੇ ਕੈਂਪ ਲੱਗੇਗਾ।ਇਸੇ ਤਰ੍ਹਾਂ 22 ਫਰਵਰੀ ਨੂੰ ਸਵੇਰੇ 10 ਵਜੇ ਪਿੰਡ ਅਲਿਆਣਾ ਤੇ ਝੋਟਿਆਂ ਵਾਲੀ ਵਿੱਚ ਅਤੇ ਬਾਅਦ ਦੁਪਹਿਰ 2 ਵਜੇ ਮਾਹੂਆਣਾ ਤੇ ਟਾਹਲੀ ਵਾਲਾ ਜੱਟਾਂ ਵਿੱਚ ਕੈਂਪ ਲੱਗੇਗਾ।23 ਫਰਵਰੀ ਨੂੰ ਸਵੇਰੇ 10 ਵਜੇ ਕੰਧ ਵਾਲਾ ਹਾਜ਼ਰ ਖਾਂ ਤੇ ਕਮਾਲ ਵਾਲਾ ਵਿੱਚ ਅਤੇ ਬਾਅਦ ਦੁਪਹਿਰ 2 ਵਜੇ ਮਮੂ ਖੇੜਾ ਤੇ ਸਿੰਘਪੁਰਾ ਵਿੱਚ ਲੋਕ ਸੁਵਿਧਾ ਕੈਂਪ ਲੱਗੇਗਾ। ਇਸੇ ਤਰ੍ਹਾਂ ਜਲਾਲਾਬਾਦ ਉਪ ਮੰਡਲ ਵਿੱਚ 21 ਫਰਵਰੀ ਨੂੰ ਸਵੇਰੇ 10 ਵਜੇ ਚੱਕ ਸੈਦੋਕੇ ਵਿਖੇ ਕੈਂਪ ਲੱਗੇਗਾ।ਅਬੋਹਰ ਸ਼ਹਿਰ ਦੇ ਲੋਕਾਂ ਲਈ 21 ਫਰਵਰੀ ਨੂੰ ਨਗਰ ਨਿਗਮ ਦਫ਼ਤਰ ਤੇ ਬੀਡੀਪੀਓ ਦਫਤਰ ਵਿਖੇ ਕੈਂਪ ਲੱਗੇਗਾ।22 ਫਰਵਰੀ ਨੂੰ ਸਵੇਰੇ 10 ਵਜੇ ਪਿੰਡ ਭਾਗਸਰ ਤੇ ਕਲਰ ਖੇੜਾ ਵਿੱਚ ਤੇ ਬਾਅਦ ਦੁਪਹਿਰ 2 ਵਜੇ ਪਿੰਡ ਬਿਸ਼ਨਪੁਰਾ ਤੇ ਗੁੰਮਜਾਲ ਵਿੱਚ ਕੈਂਪ ਲੱਗੇਗਾ ਤੇ 23 ਫਰਵਰੀ ਨੂੰ ਸਵੇਰੇ 10 ਵਜੇ ਉਸਮਾਨ ਖੇੜਾ ਤੇ ਪੰਜਾਵਾ ਵਿੱਚ ਅਤੇ ਬਾਅਦ ਦੁਪਹਿਰ 2 ਵਜੇ ਤੂਤ ਵਾਲਾ ਤੇ ਪੰਨੀਵਾਲਾ ਮਾਹਲਾ ਵਿੱਚ ਲੋਕ ਸੁਵਿਧਾ ਕੈਂਪ ਲੱਗੇਗਾ।ਇਨ੍ਹਾਂ ਕੈਂਪਾਂ ਵਿੱਚ 43 ਪ੍ਰਕਾਰ ਦੀਆਂ ਸਰਕਾਰੀ ਸੇਵਾਵਾਂ ਮੌਕੇ 'ਤੇ ਦਿੱਤੀਆਂ ਜਾਂਦੀਆਂ ਹਨ।ਲੋਕਾਂ ਨੂੰ ਅਪੀਲ ਹੈ ਕਿ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ।

# ਹਿੰਦੂਆਂ ਦੀ ਭਾਵਨਾ ਭੜਕਾਉਣ ਵਾਲੇ ਪਰਚੇ 'ਚੋਂ ਸਮਾਜ ਸੇਵੀ ਗੁਰਦੀਪ ਕਾਲੀ ਬਰੀ

## ਝੂਠਾ ਪਰਚਾ ਕਰਨ ਵਾਲੇ ਪੁਲਸ ਅਧਿਕਾਰੀਆਂ 'ਤੇ ਠੋਕਿਆ ਮਾਣਹਾਨੀ ਦਾ ਦਾਅਵਾ



ਦੋਰਾਹਾ (ਹਰਮਿੰਦਰ ਸੇਠ)-ਕਾਲੇ ਦੌਰ ਦੌਰਾਨ ਪੰਜਾਬ ਅੰਦਰ ਜੇਕਰ ਕੋਈ ਵਿਅਕਤੀ ਸਟੇਟ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕਰਦਾ ਸੀ ਜਾਂ ਤਾਂ ਉਸ ਨੂੰ ਮਾਰ ਦਿੱਤਾ ਜਾਂਦਾ ਸੀ ਜਾਂ ਉਸ ਉੱਪਰ ਝੂਠੇ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਆਵਾਜ਼ ਨੂੰ ਬੰਦ ਕਰ ਦਿੱਤਾ ਜਾਂਦਾ ਸੀ, ਪ੍ਰੰਤੂ ਇਹ ਵਰਤਾਰਾ ਕਾਲੇ ਦੌਰ ਤੋਂ ਬਣੀਆਂ ਸਰਕਾਰਾਂ ਤੋਂ ਬਾਅਦ ਵੀ ਠੱਲ੍ਹਿਆ ਨਹੀਂ, ਸਗੋਂ ਭ੍ਰਿਸ਼ਟਾਚਾਰ, ਨਸ਼ਾ ਤੇ ਸਰਕਾਰਾਂ ਦੇ ਖਿਲਾਫ ਬੋਲਣ ਵਾਲਿਆਂ 'ਤੇ ਝੂਠੇ ਪਰਚੇ ਅੱਜ ਵੀ ਹੋ ਰਹੇ ਹਨ, ਜਿਸ ਦੀ ਵੱਡੀ ਉਦਾਹਰਨ ਮੈਂ ਖੁਦ ਹਾਂ। ਅਕਾਲੀ ਸਰਕਾਰ ਵੇਲੇ ਹਲਕੇ ਵਿੱਚ ਵਿਕ ਰਹੇ ਸਰੇਆਮ ਚਿੱਟੇ ਦੇ ਖਿਲਾਫ ਜਦ ਆਵਾਜ਼ ਉਠਾਈ ਤਾਂ ਆਕਾਲੀ ਸਰਕਾਰ ਤੇ ਪੁਲਸ ਅਧਿਕਾਰੀਆਂ 2016 ਵਿੱਚ ਮੇਰੇ ਉੱਪਰ ਹਿੰਦੂਆਂ ਦੀ ਭਾਵਨਾ ਨੂੰ ਭੜਕਾਉਣ ਵਾਲਾ ਝੂਠਾ ਪਰਚਾ ਦੇ ਦਿੱਤਾ, ਜਿਸ ਵਿੱਚੋਂ ਅੱਠ ਸਾਲ ਬਾਅਦ ਮੈਂ ਬਰੀ ਹੋਇਆ ਹਾਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਕੀਤਾ। ਗੁਰਦੀਪ ਕਾਲੀ ਨੇ ਕਿਹਾ ਕਿ ਅਕਾਲੀ ਰਾਜ ਵੇਲੇ ਪਾਇਲ ਸਮੇਤ ਪੂਰੇ ਪੰਜਾਬ ਵਿੱਚ ਧੜੱਲੇ ਨਾਲ ਚਿੱਟਾ ਤੇ ਵਿਕ ਰਿਹਾ ਸੀ, ਇਨ੍ਹਾਂ ਦੇ ਲੀਡਰ ਖੁਦ ਚਿੱਟਾ ਵੇਚ ਰਹੇ ਸਨ, ਜਿਸ ਵਿਰੁੱਧ ਜਦ ਅਸੀਂ ਆਵਾਜ਼ ਉਠਾਈ ਤਾਂ ਪਹਿਲਾਂ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਜਦ ਕੋਈ ਇਨ੍ਹਾਂ ਦਾ ਵੱਸ ਨਾ ਚੱਲਿਆ ਤਾਂ ਇਨ੍ਹਾਂ ਨੇ ਸਾਡੇ ਉੱਪਰ ਇੱਕ ਹਿੰਦੂਆਂ ਦੀ ਭਾਵਨਾ ਨੂੰ ਭੜਕਾਉਣ ਦਾ ਝੂਠਾ ਪਰਚਾ ਦੇ ਦਿੱਤਾ, ਜਿਸ ਵਿੱਚੋਂ ਮੈਂ ਅੱਠ ਸਾਲ ਬਾਅਦ ਬਰੀ ਹੋਇਆ ਹਾਂ। ਜਿਹੜੇ ਪੁਲਸ ਅਧਿਕਾਰੀਆਂ ਨੇ ਰਾਜਨੀਤਕ ਆਕਾਵਾਂ ਨੂੰ ਖੁਸ਼ ਕਰਨ ਲਈ ਮੇਰੇ ਉੱਪਰ ਝੂਠਾ ਪਰਚਾ ਦਿੱਤਾ ਸੀ, ਹੁਣ ਉਨ੍ਹਾਂ ਉੱਪਰ ਮੇਰਾ ਕੀਮਤੀ ਸਮਾਂ ਬਰਬਾਦ ਕਰਨ, ਸਮਾਜ ਵਿੱਚ ਮੇਰੀ ਛਵੀ ਖਰਾਬ ਕਰਨ ਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਤੇ ਹੋਰ ਕਈ ਤਰ੍ਹਾਂ ਦੇ ਦੁੱਖ ਤਕਲੀਫ ਕਾਰਨ, ਜੋ ਮੇਰੇ ਮਾਣ ਸਨਮਾਨ ਨੂੰ ਠੇਸ ਪਹੁੰਚੀ ਹੈ, ਉਸ ਦੀ ਭਰਪਾਈ ਤਾਂ ਨਹੀਂ ਹੋ ਸਕਦੀ, ਪਰ ਅਧਿਕਾਰੀ ਰਾਜਨੀਤਕ ਲੋਕਾਂ 'ਤੇ ਨਿੱਜੀ ਮਫਾਦਰ ਲਈ ਕਿਸੇ ਹੋਰ 'ਤੇ ਪਰਚਾ ਦਰਜ ਕਰਨ ਤੋਂ ਕਈ ਵਾਰ ਸੋਚਣ, ਇਸ ਲਈ ਇਨ੍ਹਾਂ ਪੁਲਸ ਅਧਿਕਾਰੀਆਂ ਉੱਪਰ ਮਾਣਹਾਨੀ ਦਾ ਕੇਸ ਕੀਤਾ ਗਿਆ ਹੈ, ਇਨ੍ਹਾਂ ਭ੍ਰਿਸ਼ਟ ਅਧਿਕਾਰੀਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

# ਆਪ ਸਰਕਾਰ ਵਾਅਦੇ ਮੁਤਾਬਕ ਬਜਟ ਸੈਸ਼ਨ 'ਚ 23 ਫਸਲਾਂ ਐੱਮ ਐੱਸ ਪੀ 'ਤੇ ਖ਼੍ਰੀਦਣ ਲਈ ਕਾਨੂੰਨ ਲਿਆਵੇ : ਹਰਸਿਮਰਤ ਬਾਦਲ




ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਦੇ ਐੱਮ ਪੀ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਸਰਕਾਰ ਆਉਂਦੇ ਬਜਟ ਸੈਸ਼ਨ ਵਿੱਚ ਸਾਰੀਆਂ 23 ਫਸਲਾਂ ਐੱਮ ਐੱਸ ਪੀ 'ਤੇ ਖ਼੍ਰੀਦਣ ਦਾ ਕਾਨੂੰਨ ਲਿਆਵੇ, ਜੇਕਰ ਕੇਂਦਰ ਨੇ ਅਜਿਹਾ ਨਾ ਕੀਤਾ ਤਾਂ ਸੂਬਾ ਸਰਕਾਰ ਆਪ ਮੁੱਖ ਮੰਤਰੀ ਭਗਵੰਤ ਮਾਨ ਦੇ ਐਲਾਨ ਮੁਤਾਬਕ ਪਹਿਲਕਦਮੀ ਕਰੇ।

ਇਥੇ ਕੇਂਦਰੀ ਯੂਨੀਵਰਸਿਟੀ ਵਿੱਚ ਖੇਡ ਸਮਾਗਮ 'ਚ ਭਾਗ ਲੈਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਹ ਵਾਅਦਾ ਕੀਤਾ ਸੀ ਕਿ ਸਾਰੀਆਂ 23 ਫਸਲਾਂ ਐੱਮ ਐੱਸ ਪੀ ਅਨੁਸਾਰ ਖ਼੍ਰੀਦੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਜੇਕਰ ਕੇਂਦਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਫਿਰ ਸ੍ਰੀ ਭਗਵੰਤ ਮਾਨ ਨੂੰ ਇਸ ਤਜਵੀਜ਼ ਨੂੰ ਪੰਜਾਬ ਵਿੱਚ ਅਮਲੀ ਜਾਮਾ ਪਹਿਨਾਉਣ ਲਈ ਢੁੱਕਵਾਂ ਕਾਨੂੰਨ ਲਿਆਉਣਾ ਚਾਹੀਦਾ ਹੈ। ਉਨ੍ਹਾ ਕਿਸਾਨ ਯੂਨੀਅਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣਾ ਵਾਅਦਾ ਪੂਰਾ ਕਰਨ ਲਈ ਮੁੱਖ ਮੰਤਰੀ 'ਤੇ ਦਬਾਅ ਬਣਾਉਣ।

ਮੁੱਖ ਮੰਤਰੀ ਵੱਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਨਾਲ ਰਲਗੱਡ ਹੋਣ ਦੀ ਨਿਖੇਧੀ ਕਰਦਿਆਂ ਬਠਿੰਡਾ ਦੇ ਐੱਮ ਪੀ ਨੇ ਕਿਹਾ ਕਿ ਜੇਕਰ ਸ੍ਰੀ ਭਗਵੰਤ ਮਾਨ ਨੂੰ ਕਿਸਾਨਾਂ ਦੀ ਕੋਈ ਚਿੰਤਾ ਹੁੰਦੀ ਤਾਂ ਉਹ ਡਰੋਨਾਂ ਤੇ ਰਬੜ ਦੀਆਂ ਗੋਲੀਆਂ ਦਾ ਆਪ ਪਹਿਲਾਂ ਨਿਸ਼ਾਨਾ ਬਣਦੇ ਨਾ ਕਿ ਕਿਸਾਨਾਂ ਨੂੰ ਇਨ੍ਹਾਂ ਦਾ ਸ਼ਿਕਾਰ ਹੋਣ ਦਿੰਦੇ। ਉਨ੍ਹਾ ਕਿਹਾ ਕਿ ਪੰਜਾਬ ਦੇ ਖੇਤਰ ਵਿੱਚ ਕਿਸਾਨਾਂ 'ਤੇ ਹਮਲਾ ਕਰਨ ਵਾਲੇ ਹਰਿਆਣਾ ਪੁਲਸ ਦੇ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਨ ਤੋਂ ਇਨਕਾਰ ਕਰ ਕੇ ਮੁੱਖ ਮੰਤਰੀ ਨੇ ਸਾਬਿਤ ਕੀਤਾ ਹੈ ਕਿ ਉਹ ਕਿਸਾਨਾਂ ਲਈ ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਉਨ੍ਹਾ ਮੰਗ ਕੀਤੀ ਕਿ ਸ਼ਾਂਤਮਈ ਕਿਸਾਨਾਂ 'ਤੇ ਹਮਲੇ ਵਾਸਤੇ ਜ਼ਿੰਮੇਵਾਰ ਹਰਿਆਣਾ ਪੁਲਸ ਦੇ ਅਧਿਕਾਰੀਆਂ ਖਿਲਾਫ ਤੁਰੰਤ ਫੌਜਦਾਰੀ ਕੇਸ ਦਰਜ ਕੀਤਾ ਜਾਵੇ। ਉਨ੍ਹਾ ਕਿਹਾ ਕਿ ਇਹ ਵੀ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਢਾਈ ਸਾਲ ਪਹਿਲਾਂ ਜਦੋਂ ਕਿਸਾਨ ਅੰਦੋਲਨ ਖਤਮ ਹੋਇਆ ਸੀ ਤਾਂ ਸੰਯੁਕਤ ਕਿਸਾਨ ਮੋਰਚੇ ਨੂੰ ਕੇਂਦਰ ਸਰਕਾਰ ਵੱਲੋਂ ਦਿੱਤੇ ਲਿਖਤੀ ਭਰੋਸੇ ਨੂੰ ਹਾਲੇ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾ ਕਿਹਾ ਕਿ ਇਨ੍ਹਾਂ ਲਿਖਤੀ ਭਰੋਸਿਆਂ ਵਿੱਚ ਐੱਮ ਐੱਸ ਪੀ ਨੂੰ ਕਾਨੂੰਨੀ ਗਰੰਟੀ ਬਣਾਉਣ ਸਮੇਤ ਹੋਰ ਭਰੋਸੇ ਸ਼ਾਮਲ ਸਨ। ਉਨ੍ਹਾ ਐੱਮ ਐੱਸ ਪੀ 'ਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੇ ਜਾਣ ਦੀ ਵੀ ਮੰਗ ਕੀਤੀ। ਉਨ੍ਹਾ ਕਿਹਾ ਕਿ ਇਹ ਸ਼ਲਾਘਾਯੋਗ ਗੱਲ ਹੈ ਕਿ ਡਾ. ਸਵਾਮੀਨਾਥਨ ਨੂੰ ਭਾਰਤ ਰਤਨ ਦਿੱਤਾ ਜਾ ਰਿਹਾ ਹੈ, ਪਰ ਅਨਾਜ ਦੇ ਉਤਪਾਦਨ ਦੀ ਲਾਗਤ 'ਤੇ 50 ਫੀਸਦੀ ਮੁਨਾਫੇ ਸਮੇਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ।

# ਮਨਦੀਪ ਭਦੌੜ ਦੀ ਕਿਤਾਬ 'ਮਿੱਟੀ ਦੀ ਮਹਿਕ' ਲੋਕ ਅਰਪਣ



ਹਠੂਰ (ਨਛੱਤਰ ਸੰਧੂ)-ਸਿਰਜਣਾ ਤੇ ਸੰਵਾਦ ਸਾਹਿਤ ਸਭਾ ਬਰਨਾਲਾ ਵੱਲੋਂ 18ਵਾਂ ਸਾਹਿਤਕ ਸਮਾਗਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਬਰਨਾਲਾ ਵਿਖੇ ਕੀਤਾ ਗਿਆ। ਸਭਾ ਦੇ ਪ੍ਰਧਾਨ ਅੰਜਨਾ ਮੈਨਨ ਨੇ ਦੱਸਿਆ ਕਿ ਪੰਜਾਬੀ ਕਵਿਤਰੀ ਮਨਦੀਪ ਭਦੌੜ ਦਾ ਕਾਵਿ ਸੰਗ੍ਰਹਿ 'ਮਿੱਟੀ ਦੀ ਮਹਿਕ' ਦੇ ਲੋਕ ਅਰਪਣ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਵਿਭਾ ਕੁਮਰੀਆ ਸ਼ਰਮਾ ਨੇ ਲੁਧਿਆਣਾ ਤੋਂ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਡਾ. ਕੁਲਦੀਪ ਸਿੰਘ ਦੀਪ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮਨਦੀਪ ਭਦੌੜ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਸਮੂਹ ਹਾਜ਼ਰੀਨ ਦੀ ਮੌਜੂਦਗੀ ਵਿੱਚ ਕਿਤਾਬ ਨੂੰ ਲੋਕ ਅਰਪਣ ਤੋਂ ਬਾਅਦ ਡਾ. ਤੇਜਾ ਸਿੰਘ ਤਿਲਕ ਨੇ ਕਿਤਾਬ ਉੱਤੇ ਪੇਪਰ ਪੜ੍ਹਦਿਆਂ ਕਿਹਾ ਕਿ ਮਨਦੀਪ ਭਦੌੜ ਦੀ ਕਵਿਤਾ ਨਵੇਂ ਸਰੋਕਾਰ ਸਿਰਜਦੀ ਹੈ। ਉਸ ਵਿੱਚ ਨਾਰੀ ਰੁਦਨ ਦੀ ਗੱਲ ਨਹੀਂ, ਸਗੋਂ ਚੇਤਨਾ ਦੀ ਕਵਿਤਾ ਹੈ, ਜੋ ਕੋਈ ਨਾਅਰਾ ਬੁਲੰਦ ਨਹੀਂ ਕਰਦੀ ਸਗੋਂ ਨਾਰੀਤਵ ਦੀ ਦਾਇਰੇ ਵਿੱਚ ਰਹਿ ਕੇ ਆਪਣੀ ਆਵਾਜ਼ ਬੁਲੰਦ ਕਰਦੀ ਹੈ। ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਨਾਰੀ ਸਾਹਿਤਕਾਰਾਂ ਆਨਲਾਈਨ ਸ਼ਾਇਰੀ ਤੋਂ ਆਫ ਲਾਈਨ ਸਭਾਵਾਂ ਵੱਲ ਵਧ ਰਹੀਆਂ ਹਨ। ਇਹ ਵੀ ਪ੍ਰਗਤੀ ਤੇ ਸਾਹਿਤਕ ਕ੍ਰਾਂਤੀ ਦਾ ਸੂਚਿਕ ਹੈ। ਕਿਤਾਬ ਮਿੱਟੀ ਦੀ ਮਹਿਕ ਵਿੱਚ ਵਿਸ਼ਾ, ਅਲੰਕਾਰ, ਛੰਦ, ਕਲਾ, ਲੈਅ, ਸੁਰ, ਰਵਾਨੀ, ਸੰਵੇਦਨਸ਼ੀਲ, ਸਮਾਜਿਕ ਮਸਲੇ, ਰਿਸ਼ਤਿਆਂ ਦੀ ਭੰਨ-ਤੋੜ, ਕੁਦਰਤ, ਪਿਆਰ ਮੁਹੱਬਤਾਂ ਦੀ ਆਸਵੰਦ ਕਵਿਤਾ ਹੈ। ਵਿਭਾ ਕੁਮਰੀਆ ਸ਼ਰਮਾ ਨੇ ਮਨਦੀਪ ਭਦੌੜ ਦੀ ਕਵਿਤਾ ਵਿਚਲੇ ਭਾਵ ਉਸ ਦੇ ਦੇ ਦਿਲ ਦੀਆਂ ਭਾਵਨਾਵਾਂ ਦੀ ਡੂੰਘਾਈ ਨੂੰ ਸਮਝਣ ਤੇ ਮਹਿਸੂਸ ਕਰਨ ਲਈ ਸੂਝਵਾਨ ਪਾਠਕਾਂ ਦੀ ਲੋੜ ਹੈ। ਭੁਪਿੰਦਰ ਸਿੰਘ ਬੇਦੀ ਤੇ ਅੰਜਨਾ ਮੈਨਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮਨਦੀਪ ਕੌਰ ਭਦੌੜ ਨੂੰ ਸਭਾ ਵੱਲੋਂ ਫੁਲਕਾਰੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਨੂੰ ਵੀ ਸਨਮਾਨਤ ਚਿੰਨ੍ਹ ਭੇਟ ਕੀਤੇ ਗਏ। ਡਾ. ਤੇਜਾ ਸਿੰਘ ਤਿਲਕ ਨੂੰ ਪੇਪਰ ਪੜ੍ਹਨ ਲਈ ਸਾਹਿਤਕ ਪੁਸਤਕ ਭੇਟ ਕੀਤੀ ਗਈ। ਇਸ ਮੌਕੇ ਵੀਰ ਪਾਲ ਮੇਹੁਲ ਬਠਿੰਡਾ, ਜਸਪ੍ਰੀਤ ਕੌਰ ਬੱਬੂ, ਸੁਖਪਾਲ ਕੌਰ ਬਾਠ, ਉਰਵਸ਼ੀ ਗੁਪਤਾ, ਅਕ੍ਰਿਤੀ, ਮੁਸਕਾਨ, ਲੱਛਮੀ, ਅਮਨਦੀਪ ਕੌਰ, ਰਾਮ ਸਰੂਪ ਸ਼ਰਮਾ, ਪਾਲ ਸਿੰਘ ਲਹਿਰੀ, ਡਾ. ਗਗਨਦੀਪ ਸਿੰਘ ਸੰਧੂ, ਚਰਨ ਸਿੰਘ, ਮੋਹਨੀਸ਼ ਮੀਸਾ, ਚਰਨੀ ਬੇਦਿਲ, ਦਲਬਾਰਾ ਸਿੰਘ ਫੌਜੀ ਨੇ ਕਵੀ ਦਰਬਾਰ ਵਿੱਚ ਭਾਗ ਲਿਆ। ਇਸ ਮੌਕੇ ਪ੍ਰਦੀਪ ਕੌਰ ਟੱਲੇਵਾਲ, ਰਾਮਪਾਲ ਸਾਹਪੁਰੀ, ਅਸ਼ੋਕ ਭਾਰਤੀ, ਭੀਮ ਸੈਨ ਤੇ ਜੇ ਕੇ ਸਟੂਡੀਓ ਹਾਜ਼ਰ ਸਨ।

# ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਜੈਤੋ ਮੋਰਚੇ ਦੇ ਸ਼ਹੀਦਾਂ ਦੀ ਯਾਦ 'ਚ ਗੁਰਮਤਿ ਸਮਾਗਮ



ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)

ਸਿੱਖ ਇਤਿਹਾਸ ਵਿੱਚ ਰਿਆਸਤੀ ਸ਼ਹਿਰ ਨਾਭਾ ਦਾ ਨਾਮ ਜੈਤੋ ਦੇ ਮੋਰਚੇ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਦਾ ਨਾਮ ਜਾਣਿਆ ਜਾਂਦਾ ਹੈ। ਇਹ ਮੋਰਚਾ 1923 ਨੂੰ ਨਾਭਾ ਦੇ ਇਤਿਹਾਸਕ ਗੁਰਦੁਆਰਾ ਅਕਾਲਗੜ੍ਹ ਸਾਹਿਬ ਤੋਂ ਸ਼ੁਰੂ ਹੋਇਆ ਸੀ। ਇਸ ਮੋਰਚੇ ਵਿੱਚ ਸੈਂਕੜੇ ਸਿੰਘ ਸ਼ਹੀਦ ਹੋ ਗਏ ਸਨ। ਜੈਤੋ ਮੋਰਚੇ ਦੇ ਸ਼ਹੀਦਾਂ ਦੀ ਸ਼ਤਾਬਦੀ (100 ਸਾਲਾ ਵਰ੍ਹੇਗੰਢ) ਦੀ ਯਾਦ ਨੂੰ ਸਮਰਪਤ ਨਾਭਾ ਦੇ ਇਤਿਹਾਸਕ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਯਾਦ ਨੂੰ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਉਪਰਾਲਾ ਕੀਤਾ ਗਿਆ, ਜਿਸ ਦੇ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਵਿੱਚ ਸਮਾਗਮ ਵਿੱਚ ਪਹੁੰਚੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਮਾਨਇੰਦਰ ਸਿੰਘ ਮਾਨੀ ਤੋਂ ਇਲਾਵਾ ਸਿੱਖ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਅੱਜ ਤੋਂ 100 ਸਾਲ ਪਹਿਲਾਂ ਜੈਤੋ ਦੇ ਮੋਰਚੇ ਦੀ ਸ਼ੁਰੂਆਤ ਇਸ ਪਵਿੱਤਰ ਅਸਥਾਨ ਤੋਂ ਹੋਈ ਸੀ। ਜੈਤੋ ਦੇ ਮੋਰਚੇ ਵਿੱਚ 250 ਤੋਂ ਵੱਧ ਸਿੰਘਾਂ ਸਿੰਘਣੀਆਂ ਨੇ ਆਪਣੀਆਂ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਸਮਾਗਮ ਕਰਵਾਏ ਜਾ ਰਹੇ ਹਨ। ਇਹ ਸਾਡੇ ਦੇਸ਼ ਦੀ ਤਰਾਸਦੀ ਹੈ, ਜੋ ਸਾਡਾ ਦੇਸ਼ ਨਾਅਰਾ ਦਿੰਦਾ ਹੈ, 'ਜੈ ਜਵਾਨ ਜੈ ਕਿਸਾਨ' ਦਾ ਇਹ ਸਿਰਫ ਤੇ ਸਿਰਫ ਵਿਖਾਵਾ ਤੇ ਕਹਿਣ ਦੇ ਵਾਸਤੇ ਹੀ ਹੈ। ਜੋ ਪਿਛਲੇ ਕਈ ਦਿਨਾਂ ਤੋਂ ਕਿਸਾਨ ਬਾਰਡਰਾਂ 'ਤੇ ਬੈਠੇ ਹਨ, ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਹਨ, ਕੇਂਦਰ ਸਰਕਾਰ ਉਨ੍ਹਾਂ ਦੀ ਮੰਗ ਨਹੀਂ ਮੰਨ ਰਹੀ। ਉਨ੍ਹਾ ਕਿਹਾ ਕਿ ਜੋ ਵੀ ਕਿਸਾਨਾਂ ਦੀਆਂ ਮੰਗਾਂ ਹਨ, ਕੇਂਦਰ ਸਰਕਾਰ ਉਸ ਨੂੰ ਤੁਰੰਤ ਪਹਿਲ ਦੇ ਅਧਾਰ 'ਤੇ ਹੱਲ ਕਰੇ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਜੈਤੋ ਮੋਰਚੇ ਦੇ ਸ਼ਹੀਦਾਂ ਦੀ ਬਹੁਤ ਵੱਡੀ ਕੁਰਬਾਨੀ ਹੈ, ਸਾਨੂੰ ਉਸ ਕੁਰਬਾਨੀ ਨੂੰ ਯਾਦ ਰੱਖਣਾ ਚਾਹੀਦਾ ਹੈ। ਐੱਮ ਐੱਸ ਪੀ ਦੇ ਮੁੱਦੇ 'ਤੇ ਰੱਖੜਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਕਹਿੰਦੀ ਸੀ ਕਿ ਅਸੀਂ ਪੰਜ ਮਿੰਟ ਵਿੱਚ ਫਸਲਾਂ 'ਤੇ ਐੱਮ ਐੱਸ ਪੀ ਦੇਵਾਂਗੇ, ਅੱਜ ਉਹ ਉਸ ਗੱਲ 'ਤੇ ਨਹੀਂ ਆਉਂਦੇ। ਚੋਣਾਂ ਤੋਂ ਪਹਿਲਾਂ ਅਸੀਂ ਹੋਰ ਗੱਲਾਂ ਕਰਦੇ ਆ ਤੇ ਬਾਅਦ ਵਿੱਚ ਹੋਰ, ਇਹ ਗੱਲਾਂ ਚੰਗੀਆਂ ਨਹੀਂ। ਉਨ੍ਹਾ ਸਰਕਾਰ 'ਤੇ ਤੰਜ ਕੱਸਦਿਆਂ ਕਿਹਾ ਕਿ ਇਸ ਨਾਲ ਸਰਕਾਰ ਦੀ ਬੇਵਿਸ਼ਵਾਸੀ ਵਧਦੀ ਹੈ। ਅਮਿਤ ਸ਼ਾਹ ਦੇ ਨਾਲ ਰੱਖੜਾ ਪਰਿਵਾਰ ਦੀ ਮੁਲਾਕਾਤ ਬਾਰੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਮਿਤ ਸ਼ਾਹ ਜੀ ਨੇ ਵਿਸ਼ਵਾਸ ਦਿਵਾਇਆ ਹੈ, ਜਲਦ ਹੀ ਇਸ ਮਸਲੇ ਦਾ ਹੱਲ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਜੈਤੋ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਸਮਾਗਮ ਕਰਵਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਬਾਰੇ ਤੇ ਇਨ੍ਹਾਂ ਸ਼ਹੀਦੀਆਂ ਬਾਰੇ ਜਾਗਰੂਕ ਕੀਤਾ ਜਾਵੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਹਰਦੀਪ ਕੌਰ ਖੋਖ, ਪ੍ਰਧਾਨ ਬਲਤੇਜ ਸਿੰਘ ਖੋਖ, ਸਾਬਕਾ ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ, ਕਥਾਵਾਚਕ ਗਿਆਨੀ ਰਾਜਿੰਦਰ ਸਿੰਘ, ਹਜ਼ੂਰੀ ਰਾਗੀ ਦਰਬਾਰ ਸਹਿਬ ਭਾਈ ਗੁਰਕੀਰਤ ਸਿੰਘ, ਸਹਾਇਕ ਗ੍ਰੰਥੀ ਅਮਰਜੀਤ ਸਿੰਘ, ਮੈਨੇਜਰ ਹਰਨੇਕ ਸਿੰਘ, ਸੁਪਰਵਾਈਜ਼ਰ ਹਰਮਿੰਦਰ ਸਿੰਘ, ਜਥੇਦਾਰ ਸਰਬਜੀਤ ਸਿੰਘ ਧੀਰੋਮਾਜਰਾ, ਜਥੇਦਾਰ ਜਗਜੀਤ ਸਿੰਘ ਖੋਖ, ਜਥੇਦਾਰ ਸਮਸ਼ੇਰ ਸਿੰਘ ਟਿਵਾਣਾ, ਗਿਆਨ ਸਿੰਘ ਲੋਪੇ, ਸੁਖਵਿੰਦਰ ਸਿੰਘ ਐੱਸ ਡੀ ਓ, ਤੇਜਿੰਦਰ ਸਿੰਘ ਕਪੂਰ, ਸਤਗੁਰ ਸਿੰਘ ਤੋਂ ਇਲਾਵਾ ਅਕਾਲੀ ਦਲ ਦੇ ਅਹੁਦੇਦਾਰ, ਵਰਕਰ ਤੇ ਸਿੱਖ ਸੰਗਤਾਂ ਹਾਜ਼ਰ ਸਨ।

# ਰੰਗਲਾ ਪੰਜਾਬ ਮੇਲਾ

## ਜੀ ਆਇਆਂ ਨੂੰ

**23 ਤੋਂ 29 ਫ਼ਰਵਰੀ, 2024, ਅੰਮ੍ਰਿਤਸਰ**





ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

| ਮਿਤੀ | ਸਮਾਂ | ਈਵੈਂਟ | ਸਥਾਨ |
|---|---|---|---|
| 23 ਫ਼ਰਵਰੀ | ਸ਼ਾਮ 6:30 ਵਜੇ ਤੋਂ | ਉਦਘਾਟਨੀ ਸਮਾਰੋਹ | ਖ਼ਾਲਸਾ ਕਾਲਜ |
| 24-25 ਫ਼ਰਵਰੀ | ਸਵੇਰੇ 10:30 ਵਜੇ ਤੋਂ ਦੁਪਹਿਰ 12:30 ਵਜੇ ਤੱਕ | ਸਾਹਿਤ ਮੇਲਾ | ਪਾਰਟੀਸ਼ਨ ਮਿਊਜ਼ੀਅਮ |
| 24-25 ਫ਼ਰਵਰੀ | ਸ਼ਾਮ 4:00 ਵਜੇ ਤੋਂ 6:00 ਤੱਕ | ਕਾਰਨੀਵਲ ਪਰੇਡ | ਪਹਿਲਾ ਦਿਨ: ਰੈੱਡ ਕਰਾਸ-ਰਣਜੀਤ ਐਵੇਨਿਊ ਗਰਾਊਂਡ<br>ਦੂਜਾ ਦਿਨ: ਟ੍ਰਿਲੀਅਮ ਮਾਲ-ਰਣਜੀਤ ਐਵੇਨਿਊ ਗਰਾਊਂਡ |
| 24-29 ਫ਼ਰਵਰੀ | ਸਵੇਰੇ 11:00 ਵਜੇ ਤੋਂ ਸ਼ਾਮ 5:00 ਵਜੇ ਤੱਕ | ਸੇਵਾ ਸਟਰੀਟ | ਟਾਊਨ ਹਾਲ ਹੈਰੀਟੇਜ ਸਟਰੀਟ |
| 24-29 ਫ਼ਰਵਰੀ | ਸਵੇਰੇ 11:00 ਵਜੇ ਤੋਂ ਰਾਤ 10:00 ਵਜੇ ਤੱਕ | ਫ਼ੂਡੀਸਤਾਨ ਅਤੇ ਸ਼ਾਪਿੰਗ ਮੇਲਾ | ਰਣਜੀਤ ਐਵੇਨਿਊ ਗਰਾਊਂਡ |
| 24-29 ਫ਼ਰਵਰੀ | ਸ਼ਾਮ 7:00 ਵਜੇ ਤੋਂ ਰਾਤ 8:30 ਵਜੇ ਤੱਕ | ਡਿਜੀਟਲ ਮੇਲਾ | ਸਮਰ ਪੈਲੇਸ |
| 24-25 ਅਤੇ 27-29 ਫ਼ਰਵਰੀ | ਸ਼ਾਮ 7:00 ਵਜੇ ਤੋਂ | ਤਾਲ ਚੌਕ | ਰਣਜੀਤ ਐਵੇਨਿਊ ਗਰਾਊਂਡ |
| 25 ਫ਼ਰਵਰੀ | ਸਵੇਰੇ 7:00 ਵਜੇ ਤੋਂ 9:00 ਵਜੇ ਤੱਕ | ਗ੍ਰੀਨਾਥਾਨ | ਅਨੰਦ ਅੰਮ੍ਰਿਤ ਪਾਰਕ-ਸਾਡਾ ਪਿੰਡ |
| 26 ਫ਼ਰਵਰੀ | ਸ਼ਾਮ 7:00 ਵਜੇ ਤੋਂ | ਪੰਜਾਬੀ ਲੋਕ ਸੰਗੀਤ ਨਾਈਟ | ਕਿਲ੍ਹਾ ਗੋਬਿੰਦਗੜ੍ਹ |
| 29 ਫ਼ਰਵਰੀ | ਸ਼ਾਮ 6:30 ਵਜੇ ਤੋਂ | ਸਮਾਪਤੀ ਸਮਾਰੋਹ | ਰਣਜੀਤ ਐਵੇਨਿਊ ਗਰਾਊਂਡ |

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ**

